# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

AUGUST 1983 ★ ਅਗਸਤ ੧੯੮੩

## ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰ: ੧/੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤ ਤ ਕ ਰਾ


| | | |
|---|---|---|
| ਔਰੰਗਜ਼ੇਬ ਨੂੰ ਤਾੜਨਾ | ਜ਼ਫਰਨਾਮਾ ਪਾਤਿਸ਼ਾਹੀ ੧੦ | ੩ |
| ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ | — — — | ੪ |
| ਗੁਰਮੰਤ੍ਰ ਦੇਣ ਦਾ ਅਧਿਕਾਰ ਕਿਸ ਨੂੰ ਹੈ ? | ਭਾ: ਸਾ: ਭਾਈ ਰਣਧੀਰ ਸਿੰਘ ਜੀ | ੭ |
| ਭਾਈ ਸਰਵਣ ਸਿੰਘ ਜੀ--ਸਹਿਨਸ਼ੀਲਤਾ ਤੇ ਸੂਰਬੀਰਤਾ (ਰੰਗਲੇ ਸਜਣ) | ,, ,, | ੧੧ |
| ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ | ਪ੍ਰਿੰਸੀਪਲ ਗੁਰਮੁਖ ਸਿੰਘ ਜੀ | ੧੮ |
| ਤੰਬਾਕੂ ਸਿਹਤ ਲਈ ਅਤੀ ਹਾਨੀਕਾਰਕ | ੭੯ ਮੁਲਕਾਂ ਦੀ ਕਾਨਫਰੰਸ | ੨੧ |
| ਗੁਰਬਾਣੀ ਦੇ ਚਾਨਣ ਵਿਚ ਭਾਣਾ | ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ | ੨੨ |
| ਨਾਟਕ, ਫ਼ਿਲਮਾਂ ਤੇ ਸਿੱਖ ਮੱਤ | ਡਾਕਟਰ ਕੁੰਦਨ ਸਿੰਘ ਜੀ | ੨੫ |
| ਮਹੀਨੇ ਦੀਆਂ ਪੰਥਕ ਖਬਰਾਂ | ਅਖਬਾਰਾਂ ਦੀ ਜ਼ਬਾਨੀ | ੨੯ |
| ਗੁਰੂ ਕਾ ਸਿਖ | ਭਾਈ ਮਹਿੰਦਰ ਸਿੰਘ ਜੀ ਨਵੀਂ ਦਿਲੀ | ੩੮ |
| ਪ੍ਰਭਿ ਡੋਰੀ ਹਾਥਿ ਤੁਮਾਰੇ | ਗਿ: ਦੀਦਾਰ ਸਿੰਘ ਜੀ, ਰੂਪ ਨਗਰ | ੪੦ |


**ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਅਵਤਾਰ ਧਾਰਿਆ ੩ ਅਗਸਤ**

## ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਬੀਬੀ ਗੁਰਚਰਨ ਕੌਰ ਦਾਦੂਪੁਰ | ਸੂਰਾ ਦੀ ਚੜ੍ਹਦੀ ਕਲਾ ਲਈ | ੧੦-੦੦ |
| ਭਾ: ਬਲਬੀਰ ਸਿੰਘ ਡਡਲੀ ਯੂ. ਕੇ. | ,, ,, ,, | ੫੬-੦੦ |
| ਸ: ਅਬਨਾਸ਼ੀ ਸਿੰਘ ਪ੍ਰੇਮ ਨਗਰ | ,, ,, ,, | ੧੦-੦੦ |
| ਸ: ਹਰਬੰਸ ਸਿੰਘ ਅਹਿਮਦ ਗੜ੍ਹ | ,, ,, ,, | ੧੦-੦੦ |
| ਸ: ਅਮਰਜੀਤ ਸਿੰਘ ਜਲੰਧਰ | ,, ,, ,, | ੩੫-੦੦ |
| ਸ: ਜਸਵੰਤ ਸਿੰਘ ਕਾਨਪੁਰ | ,, ,, ,, | ੩੦-੦੦ |
| ਮਿਸਤਰੀ ਉਜਾਗਰ ਸਿੰਘ ਮਾਲੜੀ | ,, ,, ,, | ੨੦-੦੦ |
| ਸ: ਅਮਰਜੀਤ ਸਿੰਘ ਬਰਾੜ ਨਵੀਂ ਦਿਲੀ | ,, ,, ,, | ੩੫-੦੦ |
| ਸ: ਸਰਦਾਰਾ [illegible] ਗੰਭੀਰ ਜੈਪੁਰ | ਪਤਨੀ ਦੀ ਅੰਤਮ ਯਾਦ ਵਿਚ | ੫੦-੦੦ |
| ਸ: ਹਰਜੀਤ [illegible] ਐਸ. ਏ. ਐਸ. ਨਗਰ | ਸੂਰਾ ਦੀ ਚੜ੍ਹਦੀ ਕਲਾ ਲਈ | ੧੧-੦੦ |
| ਬੀਬੀ ਹਰਭਜਨ [illegible]ਰ ਕਾਨਪੁਰ | ,, ,, ,, | ੧੬-[illegible]੦ |
| ਭਾ: ਹਰਮਿੰਦਰ [illegible] ਹੁਸ਼ਿਆਰਪੁਰ | ਮਾਤਾ ਜੋਗਿੰਦਰ ਕੌਰ ਦੀ ਅੰਤਮ ਯਾਦ ਵਿਚ | ੨੧-੦੦ |
| ਸ: ਹਰਵੰਤ ਸਿੰ[illegible]ਰਤੌਲੀ | ਸੂਰਾ ਦੀ ਚੜ੍ਹਦੀ ਕਲਾ ਲਈ | ੫-੦੦ |
| ਸ: ਅਜੀਤ ਸਿੰਘ [illegible] | ਸੁਪਤਨੀ ਦੇ ਅੰਤਮ ਭੋਗ ਦੀ ਅਰਦਾਸ ਸਮੇਂ | ੧੦-੦੦ |
| ਨੇਕ ਪਰਨ ਸਿੰਘ [illegible]ੀ | 'ਸੂਰਾ' ਦੀ ਚੜ੍ਹਦੀ ਕਲਾ ਲਈ | ੩੦-੦੦ |

### [illegible]ਰੜ ਜ਼ਿਲਾ ਰੋਪੜ ਵਿਖੇ ਰੈਣ ਸਬਾਈ ਕੀਰਤਨ

ਅਖੰਡ ਕੀਰਤਨੀ ਜਥੇ ਵਲੋਂ ਦਾਸਾਂ ਦੇ ਗ੍ਰਹਿ ਵਿਖੇ ੨੭ ਅਗਸਤ ਸ਼ਨੀਵਾਰ ਦੀ ਰਾਤ ਨੂੰ ਕੀਰਤਨ ਹੋ ਰਹੇ ਹਨ। ਆਇ ਦੀਦਾਰ ਬਖਸ਼ੋ ਜੀ। ਦਾਸਰਾ—ਰਣਜੀਤ ਸਿੰਘ ਸਪੁਤਰ ਸ: ਮੀਹਾਂ ਸਿੰਘ, ਮਕਾਨ ਨੰ: ੧੯੬੧, ਰੰਧਾਵਾ ਰੋਡ, ਖਰੜ


ਲਾਕਟ ਪ੍ਰਿੰਟਰਜ, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੮.੮੩ ਨੂੰ ਪ੍ਰਕਾਸ਼ਤ ਕੀਤਾ
**ਟੈਲੀਫੋਨ ਨੰਬਰ** : 51847 **ਘਰ** 43094


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੫੦

**ਪਰਦੇਸ**

ਸਮੁੰਦਰੀ ਡਾਕ ੩੦-੦੦

ਹਵਾਈ ਡਾਕ

ਅਰਬ, ਮਲਾਇਆ ੪੫-੦੦
ਯੂ. ਕੇ., ਅਫ਼ਰੀਕਾ ੬੦-੦੦
ਕੈਨੇਡਾ, ਅਮਰੀਕਾ ੭੦-੦੦

**ਅਮਾਨਤੀ**

**ਲਾਈਫ਼ ਮੈਂਬਰ**

ਦੇਸ ੧੫੦—੦੦
ਪਰਦੇਸ ੩੦੦—੦੦

ਹਵਾਈ ਡਾਕ

ਯੂ. ਕੇ. ਅਫਰੀਕਾ ੬੫੦—੦੦
ਕੈਨੇਡਾ, ਅਮਰੀਕਾ ੭੫੦—੦੦
ਅਰਬ ਮਲਾਇਆ ੫੦੦—੦੦

**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੧੭ ਅਗਸਤ ੧੯੮੩ ਅੰਕ ੮

## ਔਰੰਗਜ਼ੇਬ ਨੂੰ ਤਾੜਨਾ ਭਰੀ ਪਤਰਕਾ

**ਚੁ ਕਾਰ ਅਜ਼ ਹਮਾ ਹੀਲਤੇ ਦਰ-ਗੁਜ਼ੱਸਤ।**
**ਹਲਾਲ ਅਸਤ ਬੁਰਦਨ ਬ-ਸ਼ਮਸ਼ੀਰੇ ਦ ਤ ।੨੨।**

ਜ਼ਫਤਨਾ , ਪਾਤਿਸ਼ਾਹੀ ੧੦

ਚੁ—ਜਦੋਂ । ਹਮਾ—ਸਾਰੇ । ਦਰ-ਗੁਜ਼ੱਸ਼ਤ—ਲੰਘ ਾਣ ।
ਹਲਾਲ—ਜਾਇਜ਼ । ਬੁਰਦਨ—ਲੈ ਜਾਣਾ । ਬ-ਸ਼ਮਸ਼ੀਰ ਦਸਤ—ਤ ਾਰ ਉਪਰ ਹੱਥ ।

ਅਰਥ :—ਜਦੋਂ ਕੋਈ ਗੱਲ, ਸਾਰੇ ਹੀਲਿਆਂ-ਉਪਰਾਲਿਆਂ ਤੋ ਲੰਘ ਜਾਵੇ ਤਾਂ ਤਲਵਾਰ ਉਪਰ ਹੱਥ ਰਖਣਾ ਜਾਇਜ਼ ਹੈ ।

[ਵਿਆਖਿਆ ਅਗਲੇ ਸਫ਼ੇ ਤੇ]



www.AKJ.Org

### ਔਰੰਗਜ਼ੇਬ ਦੇ ਨਾਂ ਤਾੜਨਾ ਭਰੀ ਪਤਰਕਾ

# ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ

ਪ੍ਰਸਿਧ ਅਖਾਣ ਹੈ, "ਤਪੋਂ ਰਾਜ ਤੇ ਰਾਜੋਂ ਨਰਕ।" ਲਿਖਿਆ ਹੈ ਕਿ ਔਰੰਗਜ਼ੇਬ ਪਿਛਲੇ ਜਨਮ ਦਾ ਕੋਈ ਮਹਾਨ ਤਪੱਸਵੀ ਸੀ, ਜਿਸ ਤੱਪ ਦਾ ਸਦਕਾ ਉਹ ਹਿੰਦੁਸਤਾਨ ਦੀ ਬੜੀ ਭਾਰੀ ਸਲਤਨਤ ਦਾ ਬਾਦਸ਼ਾਹ ਬਣਿਆ। ਔਰੰਗਜ਼ੇਬ ਨੇ ਬਾਹਰੋਂ ਬੜਾ ਪਾਕ-ਦਾਮਨ ਸੂਫੀਆਂ ਵਾਲਾ ਜੀਵਨ ਧਾਰਨ ਕੀਤਾ ਹੋਇਆ ਸੀ ਅਤੇ ਕੁਰਾਨ ਸ਼ਰੀਫ ਲਿਖ ਕੇ ਉਸ ਦੀ ਉਜਰਤ ਨਾਲ ਆਪਣਾ ਗੁਜ਼ਾਰਾ ਤੋਰਨ ਦਾ ਢੌਂਗ ਰਚਾਇਆ ਹੋਇਆ ਸੀ।

ਪਰ ਅਸਲੀਅਤ ਦੇਖੀ ਜਾਏ ਤਾਂ ਬਿਲਕੁਲ ਇਸ ਤੋਂ ਉਲਟ ਹੈ। ਔਰੰਗਜ਼ੇਬ ਨੇ ਰਾਜ-ਤਖ਼ਤ ਲੈਣ ਲਈ ਆਪਣੇ ਬਾਪ ਨੂੰ ਕੈਦ ਵਿਚ ਸੁਟਿਆ ਅਤੇ ਇਤਨਾ ਕਠੋਰਚਿਤ ਸੀ ਕਿ ਆਪਣੇ ਪਿਓ ਨੂੰ ਪੀਣ ਵਾਲੇ ਪਾਣੀ ਤੋਂ ਵੀ ਤਰਸਾ ਤਰਸਾ ਕੇ ਮਾਰਿਆ। ਆਪਣੇ ਸੱਕੇ ਭਰਾਵਾਂ ਨੂੰ ਖ਼ੂਨੀ ਤਲਵਾਰ ਦੀ ਭੇਟ ਕੀਤਾ। ਗੱਦੀ ਤੇ ਬੈਠ ਕੇ ਜੋ ਜੋ ਜ਼ੁਲਮ ਤੇ ਅਤਿਆਚਾਰ ਔਰੰਗਜ਼ੇਬ ਨੇ ਹਿੰਦੂਆਂ ਤੇ ਕੀਤੇ, ਉਨ੍ਹਾਂ ਨੂੰ ਪੜ੍ਹ ਸੁਣ ਕੇ ਕੰਬਣੀ ਛਿੜ ਜਾਂਦੀ ਹੈ। ਉਹ ਰੋਜ਼ਾਨਾ ਸੈਂਕੜੇ ਹਜ਼ਾਰਾਂ ਮਜ਼ਲੂਮਾਂ ਨੂੰ ਬੜੀ ਬੇਦਰਦੀ ਨਾਲ ਕਤਲ ਕਰਵਾਂਦਾ ਸੀ, ਜਿਸ ਤਰ੍ਹਾਂ ਕਿ ਕੋਈ ਕੀੜਿਆਂ ਮਕੌੜਿਆਂ ਨੂੰ ਬੇਰਹਿਮੀ ਨਾਲ ਪੈਰਾਂ ਵਿਚ ਮਧੋਲੀ ਜਾਂਦਾ ਹੋਵੇ। ਉਸ ਲਈ 'ਇਨਸਾਫ਼' ਕੋਈ ਮਾਅਨੇ ਹੀ ਨਹੀਂ ਰਖਦਾ ਸੀ। ਉਹ ਕਹਿੰਦਾ ਸੀ ਕਿ ਕਾਫ਼ਰਾਂ ਨੂੰ ਦੀਨ-ਇਸਲਾਮ ਵਿਚ ਲਿਆ ਕੇ ਜਾਂ ਉਨ੍ਹਾਂ ਦਾ ਬੀਜ-ਨਾਸ ਕਰ ਕੇ ਹੀ ਸਵਾਬ ਖਟਿਆ ਜਾ ਸਕਦਾ ਹੈ। ਆਪਣੇ ਜ਼ੁਲਮ ਨੂੰ ਉਸ ਨੇ ਇਸਲਾਮ-ਪ੍ਰਸਾਰ ਦੇ ਬੁਰਕੇ ਥਲੇ ਲੁਕਾਇਆ ਹੋਇਆ ਸੀ।

ਦੂਜੇ ਪਾਸੇ ਕਲਗੀਧਰ ਪਾਤਸ਼ਾਹ ਜੀ ਦਾ ਰੱਬੀ ਉਦੇਸ਼ ਸੀ—

ਧਰਮ ਚਲਾਵਨ ਸੰਤ ਉਬਾਰਨ॥ ਦੁਸ਼ਟ ਸਭਨ ਕੋ ਮੂਲ ਉਪਾਰਨ ॥੪੩॥

ਬਚਿਤ੍ਰ ਨਾਟਕ, ਅਧਿ: ੬

ਦਸਮੇਸ਼ ਪਿਤਾ ਜੀ ਦਾ ਉਦੇਸ਼ ਧਰਮ ਅਤੇ ਧਰਮੀਆਂ ਦੀ ਰੱਖਿਆ ਕਰਨੀ ਅਤੇ ਦੁਸ਼ਟ ਦੋਖੀਆਂ ਦਾ ਡਟ ਕੇ ਟਾਕਰਾ ਕਰਨਾ ਸੀ। ਜ਼ਾਲਮ ਸਰਕਾਰ ਵਲੋਂ ਉਹਨਾਂ ਤੇ ਕਈ ਹੱਲੇ ਕੀਤੇ ਗਏ। ਸ੍ਵੈਮਾਣ ਅਤੇ ਅਣਖ ਕਾਇਮ ਰਖਣ ਲਈ ਆਪ ਜੀ ਨੇ ਜ਼ਾਲਮਾਂ ਨਾਲ ਡਟ ਕੇ ਲੋਹਾ ਲਿਆ ਅਤੇ ਜੰਗ-ਜੁਧ ਕੀਤੇ।

ਆਖ਼ਰੀ ਜੁਧ ਅਨੰਦਗੜ੍ਹ ਦੇ ਕਿਲ੍ਹੇ ਵਿਚ ਰਹਿ ਕੇ ਲੜਿਆ। ਲੱਖਾਂ ਦੀ ਗਿਣਤੀ ਵਿਚ ਮੁਗਲ ਫੌਜਾਂ ਅਤੇ ਹਿੰਦੂ ਬਾਈ ਧਾਰ ਦੇ ਰਾਜਿਆਂ ਨੇ ਮਿਲ ਕੇ ਅਨੰਦਪੁਰ ਦੇ ਦੂਰ ਦੂਰ ਤਕ ਛੇ ਮਹੀਨਿਆਂ ਤੋਂ ਵਧ ਘੇਰਾ ਪਾਈ ਰਖਿਆ। ਰਾਸ਼ਨ ਪਾਣੀ ਦੀ ਸਖ਼ਤ ਤੋਟ ਹੋਣ ਦੇ ਬਾਵਜੂਦ ਵੀ ਸੱਚੇ ਪਾਤਸ਼ਾਹ ਜੀ ਮਹਾਨ ਚੜ੍ਹਦੀਆਂ ਕਲਾਂ ਵਿਚ ਕਾਇਮ ਰਹੇ ਅਤੇ ਨਾਲ ਦੇ ਸਿੰਘਾਂ ਨੂੰ ਨਿਤ ਨਵਾਂ ਹੌਸਲਾ ਬਖਸ਼ਦੇ ਰਹੇ।

ਅਖੀਰ ਮੁਗਲ ਹਾਕਮਾਂ ਨੇ ਔਰੰਗਜ਼ੇਬ ਵਲੋਂ ਕੁਰਾਨ ਦੀ ਕਸਮ ਅਤੇ ਹਿੰਦੂਆਂ ਨੇ ਗਊ ਦੀ ਸਹੁੰ ਚੁਕ ਕੇ ਇਕ ਚਾਲ ਭਰੀ ਪਤਰਕਾ ਸੱਚੇ ਪਾਤਸ਼ਾਹ ਪਾਸ ਭੇਜੀ ਕਿ ਤੁਸੀਂ ਅਨੰਦਪੁਰ ਛਡ ਕੇ ਕਿਤੇ ਹੋਰਥ ਚਲੇ ਜਾਓ ਤਾਂ ਸਾਡੀ ਰਹਿ ਆਵੇਗੀ। ਵਿਅਰਥ ਖ਼ਲਕ ਦਾ ਖ਼ੂਨ ਹੋ ਰਿਹਾ ਤੁਹਾਨੂੰ ਭੀ ਪਸੰਦ ਨਹੀਂ। ਤੁਹਾਡਾ ਪਿਛਾ ਅਸੀਂ ਬਿਲਕੁਲ ਨਹੀਂ ਕਰਾਂਗੇ।

ਇਹ ਸੁਲਹ ਦੀ ਪਤਰਕਾ ਪੁਜਣ ਤੇ ਸਿੰਘਾਂ ਨੇ ਅਤੇ ਮਾਤਾ ਜੀ ਨੇ ਸਾਹਿਬਾਂ ਨੂੰ ਜਿਵੇਂ ਕਿਵੇਂ ਅਨੰਦਪੁਰ ਸਾਹਿਬ ਛਡਣ ਲਈ ਮੰਨਾ ਹੀ ਲਿਆ। ਪਰ ਉਨ੍ਹਾਂ ਦੀਆਂ ਸਹੁੰਆਂ ਅਤੇ ਕਸਮਾਂ ਨਿਰਾ ਫ਼ਰੇਬ, ਧੋਖਾ ਹੀ ਸਾਬਤ ਹੋਈਆਂ।



www.AKJ.Org

ਦੁਸ਼ਟਾਂ ਨੇ ਇਕਰਾਰ ਮੁਜਬ ਕੀਰਤਪੁਰ ਸਾਹਿਬ ਵਾਲੇ ਪਾਸਿਓਂ ਨਾਕਾਬੰਦੀ ਹਟਾ ਕੇ ਪਰਗਟ ਤਾਂ ਇਹ ਕੀਤਾ ਕਿ ਅਨੰਦਪੁਰ ਤੋਂ ਬਾਹਰ ਜਾਣ ਵਾਲਿਆਂ ਤੇ ਹੁਣ ਕੋਈ ਵਾਰ ਨਹੀਂ ਕੀਤਾ ਜਾਵੇਗਾ; ਪਰ ਸਿੰਘਾਂ ਦੇ ਕੀਰਤਪੁਰ ਸਾਹਿਬ ਟਪਣ ਦੀ ਦੇਰੀ ਹੀ ਸੀ ਕਿ ਵੈਰੀ ਉਹਨਾਂ ਤੇ ਟੁਟ ਪਏ। ਉਨ੍ਹਾਂ ਨੇ ਕਸਮਾਂ ਤੇ ਸਹੁੰਆਂ ਛਿੱਕੇ ਤੇ ਟੰਗ ਕੇ ਸਿੰਘਾਂ ਉਤੇ ਹੱਲਾ ਬੋਲ ਦਿਤਾ। ਸਿੰਘ ਵੈਰੀ-ਦਲ ਦਾ ਟਾਕਰਾ ਕਰਦੇ ਹੋਏ ਅਗੇ ਵਧਦੇ ਗਏ। ਸਿਆਲੀ ਵਰਖਾ ਰੁਤ ਦੇ ਕਾਰਨ ਅਗੇ ਸਰਸਾ ਨਦੀ ਵਿਚ ਹੜ੍ਹ ਆਇਆ ਹੋਇਆ ਸੀ। ਪਿਛਲੇ ਪਾਸੇ ਲਹੂ-ਤਿਹਾਇਆ ਵੈਰੀ-ਦਲ, ਸਾਹਮਣੇ ਸੂਕਦੀ ਨਦੀ, ਜਿਸ ਦਾ ਪਾਣੀ ਬਰਫ਼ ਵਾਂਗ ਸੀਤ ਸੀ। ਕੁਝ ਘੋੜ-ਚੜ੍ਹੇ ਸਿੰਘਾਂ ਨੇ ਨਦੀ ਦੇ ਕੰਢੇ ਵੈਰੀ-ਦਲ ਨੂੰ ਟਾਕਰਾ ਕਰ ਕੇ ਰੋਕੀ ਰਖਿਆ, ਬਾਕੀ ਦਾ ਪੈਦਲ ਵਹੀਰ ਅਤੇ ਸਤਿਗੁਰਾਂ ਦੇ ਪਰਵਾਰ ਬਰਫ਼ ਵਰਗੇ ਠੰਢੇ ਪਾਣੀ ਵਿਚ ਠਿਲ੍ਹ ਪਏ, ਅਨੇਕਾਂ ਰੁੜ੍ਹ ਗਏ; ਜਿਹੜੇ ਬਚੇ, ਉਹ ਕੋਈ ਕਿਸੇ ਪਾਸੇ, ਕੋਈ ਕਿਸੇ ਹੋਰ ਪਾਸੇ ਜਾ ਲਗਾ। ਸ੍ਰੀ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਬਾਹਮਣ ਗੰਗੂ ਰਸੋਈਏ ਦੀ ਬਦਨੀਤੀ ਦਾ ਸ਼ਿਕਾਰ ਹੋ ਕੇ ਨਵਾਬ ਸਰਹਿੰਦ ਦੀ ਕਚਹਿਰੀ ਵਿਚ ਪਹੁੰਚਾਏ ਗਏ ਅਤੇ ਬੇਦਰਦੀ ਨਾਲ ਇਨ੍ਹਾਂ ਮਾਸੂਮ ਬੱਚਿਆਂ ਨੂੰ ਜ਼ਿੰਦਾ ਕੰਧ ਵਿਚ ਚਿਣਵਾ ਕੇ ਸ਼ਹੀਦ ਕੀਤਾ ਗਿਆ। ਅਜਿਹਾ ਜ਼ੁਲਮ ਭਰਿਆ ਸਾਕਾ ਦੁਨੀਆ ਦੇ ਇਤਿਹਾਸ ਵਿਚ ਕਿਤੇ ਨਹੀਂ ਮਿਲਦਾ। ਸਾਹਿਬ ਕਲਗੀਧਰ ਪਾਤਸ਼ਾਹ ਕੇਵਲ ਚਾਲੀ ਸਿੰਘਾਂ ਅਤੇ ਦੋ ਵਡੇ ਸਾਹਿਬਜ਼ਾਦਿਆਂ ਨਾਲ ਚਮਕੌਰ ਦੀ ਗੜ੍ਹੀ ਵਿਖੇ ਪੁਜੇ। ਇਸ ਗੜ੍ਹੀ ਨੂੰ ਲਖਾਂ ਦੀ ਗਿਣਤੀ ਵਿਚ ਵੈਰੀ-ਦਲ ਨੇ ਆ ਘੇਰਿਆ। ਸਾਹਿਬਜ਼ਾਦਿਆਂ ਅਤੇ ਸਿੰਘਾਂ ਨੇ ਇਕ ਇਕ ਕਰ ਕੇ ਅਨੇਕਾਂ ਜ਼ਾਲਮਾਂ ਦੇ ਆਹੂ ਲਾਹ ਲਾਹ ਕੇ ਸ਼ਹੀਦੀ ਜਾਮ ਪੀਤਾ। ਇਥੋਂ ਜਿਸ ਬਹਾਦਰੀ ਅਤੇ ਸੂਰਬੀਰਤਾ ਨਾਲ ਗੁਰੂ ਪਾਤਸ਼ਾਹ ਅਤੇ ਤਿੰਨ ਸਿੰਘ ਜ਼ਾਲਮਾਂ ਦੇ ਭਾਰੀ ਘੇਰੇ ਵਿਚੋਂ ਵਜ-ਵਜਾ ਕੇ ਨਿਕਲ ਗਏ, ਇਹ ਵੀ ਦੁਨੀਆ ਨੂੰ ਚਕ੍ਰਿਤ ਕਰਨ ਵਾਲੀ ਗਾਥਾ ਹੈ। ਸੱਚੇ ਪਾਤਸ਼ਾਹ ਜੀ ਮਾਛੀਵਾੜੇ ਦੇ ਜੰਗਲ ਥੀਂ ਹੁੰਦੇ ਹੋਏ, ਉਚ ਦੇ ਪੀਰ ਬਣ ਕੇ ਰਾਇ ਕੋਟ ਚੋਧਰੀ ਰਾਇ ਕੱਲੇ ਪਾਸ ਪੁਜੇ। ਇਥੇ ਆਪ ਜੀ ਨੂੰ ਛੋਟੇ ਸਾਹਿਬ-ਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਮਿਲੀ। ਇਥੋਂ ਆਪ ਦੀਨੇ ਪੁਜੇ। ਇਥੇ ਨਿਵਾਸ ਕਰਨ ਸਮੇਂ ਆਪ ਜੀ ਨੇ 'ਜ਼ਫਰਨਾਮਾ' ਨਾਮ ਦੀ ਪਤਰਕਾ ਔਰੰਗਜ਼ੇਬ ਦੇ ਨਾਮ ਲਿਖੀ, ਜਿਸ ਵਿਚ ਉਸ ਦੀਆਂ ਕਾਲੀਆਂ ਕਰਤੂਤਾਂ ਦਾ ਭਾਂਡਾ ਚੌਰਾਹੇ ਵਿਚ ਭੰਨ ਕੇ ਉਸ ਨੂੰ ਬੁਰੀ ਤਰ੍ਹਾਂ ਨਸ਼ਰ ਕੀਤਾ ਕਿ ਤੂੰ ਆਪਣੇ ਮੌਲਵੀਆਂ ਤੇ ਫ਼ੌਜੀ ਮੁਸਾਹਿਬਾਂ ਰਾਹੀਂ ਜੋ ਕੁਰਾਨ ਦੀਆਂ ਕਸਮਾਂ ਚੁਕੀਆਂ, ਉਹ ਸਭ ਧੋਖਾ ਤੇ ਝੂਠ ਦਾ ਪਲੰਦਾ ਹੀ ਸਨ। ਉਸ ਨੂੰ ਫਿਟਕਾਰ ਪਾਈ ਕਿ ਕਿੰਨੇ ਸ਼ਰਮ ਦੀ ਅਤੇ ਕਮੀਨੀ ਗੱਲ ਹੈ ਕਿ ਦਸ ਲੱਖ ਫ਼ੌਜ ਆਪਣੇ ਸਾਰੇ ਕੌਲ-ਕਰਾਰ ਭੁਲ ਕੇ ਚਾਲੀ ਭੁਖਣ ਭਾਣੇ ਸਿੰਘਾਂ ਉਤੇ ਟੁਟ ਪਵੇ।

ਸੱਚੇ ਪਾਤਸ਼ਾਹ ਜੀ ਨੇ ਔਰੰਗਜ਼ੇਬ ਦੇ ਜ਼ੁਲਮਾਂ ਅਤੇ ਕੁਟਲ ਚਾਲਾਂ ਦਾ ਪਾਜ ਉਘੇੜ ਕੇ ਫਿਰ ਆਪਣਾ ਮਿਸ਼ਨ ਪ੍ਰਗਟ ਕੀਤਾ ਕਿ ਅਸੀਂ ਜ਼ਾਲਮ ਨੂੰ ਠੀਕ ਰਸਤੇ ਲਿਆਉਣ ਲਈ ਸਾਰੇ ਸੁਲਹਕੁਲ ਹੀਲੇ ਵਸੀਲੇ ਕੀਤੇ, ਪਰ ਸਾਰੇ ਨਿਸ਼ਫਲ ਰਹੇ ਹਨ। ਜਦ ਜ਼ਾਲਮ ਸਾਰੇ ਸੁਲਹਕੁਲ ਜਤਨਾਂ ਨੂੰ ਝਾਗ ਜਾਏ ਤਾਂ ਉਸ ਨੂੰ ਸੋਧਣ ਲਈ ਤਲਵਾਰ ਉਠਾਣ ਤੋਂ ਬਗੈਰ ਹੋਰ ਕਿਹੜਾ ਚਾਰਾ ਕੀਤਾ ਜਾ ਸਕਦਾ ਹੈ ?

ਚੁ ਕਾਰ ਅਜ਼ ਹਮਾ ਹੀਲਤੇ ਦਰ-ਗੁਜ਼ੱਸ਼ਤ। ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ।
ਭਾਵ ਜਦੋਂ ਕੋਈ ਗੱਲ, ਸਾਰੇ ਹੀਲਿਆਂ-ਉਪਰਾਲਿਆਂ ਤੋਂ ਲੰਘ ਜਾਏ ਤਾਂ ਤਲਵਾਰ ਉਪਰ ਹੱਥ ਰਖਣਾ ਜਾਇਜ਼ ਹੈ।

ਸਿਖ ਕੋਮ ਆਪਣੀ ਨਿਰਛਲ ਸੀਰਤ ਅਤੇ ਨੇਕ ਨਿਯਤੀ ਕਾਰਨ ਕਪਟੀ ਜ਼ਾਲਮਾਂ ਹੱਥੋਂ ਸਦਾ ਹੀ ਧੋਖੇ ਦਾ ਸ਼ਿਕਾਰ ਹੁੰਦੀ ਆਈ ਹੈ ਅਤੇ ਮੁੜ ਮੁੜ ਕੇ ਦੋਖੀਆਂ ਦੀਆਂ ਕਪਟ-ਚਾਲਾਂ ਵਿਚ ਫਸ ਕੇ ਇਹ ਨੁਕਸਾਨ ਉਠਾਂਦੀ ਆ ਰਹੀ ਹੈ। ਅੱਜ ਵੀ ਸਿਖ ਕੌਮ ਦੀ ਹਾਲਤ ਬੜੀ ਤਰਸ-ਯੋਗ ਬਣੀ ਪਈ ਹੈ। ਪੰਜਾਬ ਦੇ


www.AKJ.Org

ਬਟਵਾਰੇ ਤੋਂ ਪਹਿਲਾਂ ਜੋ ਸਿਖ ਕੌਮ ਨਾਲ ਕਾਂਗਰਸ ਵਲੋਂ ਕੌਲ-ਕਰਾਰ ਹੁੰਦੇ ਰਹੇ, ਉਨ੍ਹਾਂ ਦਾ ਕੋਈ ਸਿਰਾ ਪੈਰ ਨਹੀਂ ਦਿਸ ਰਿਹਾ। ੧੯੪੭ ਤੋਂ ਪਹਿਲਾਂ ਗੁਰਦੁਆਰਾ ਸੀਸ ਗੰਜ ਦਿਲੀ ਵਿਚ ਮਹਾਤਮਾ ਗਾਂਧੀ ਜੀ ਪਾਸੋਂ ਸ: ਮਕਸੂਦਨ ਸਿੰਘ ਨੇ ਕਾਂਗਰਸ ਵਲੋਂ ਸਿਖ ਕੌਮ ਨੂੰ ਦਿਤੇ ਜਾ ਰਹੇ ਭਰੋਸਿਆਂ ਬਾਰੇ ਆਪਣੇ ਤੌਖਲਿਆਂ ਦਾ ਪ੍ਰਗਟਾਵਾ ਕਰਦਿਆਂ ਕਿਹਾ ਸੀ ਕਿ ਕਾਂਗਰਸ ਰਾਜ-ਸਤਾ ਵਿਚ ਆਉਣ ਤੋਂ ਬਾਅਦ ਆਪਣੇ ਵਚਨਾਂ ਅਤੇ ਵਾਹਦਿਆਂ ਤੋਂ ਮੁਨਕਰ ਵੀ ਤਾਂ ਹੋ ਸਕਦੀ ਹੈ। ਤਾਂ ਗਾਂਧੀ ਜੀ ਨੇ ਸਿਖ ਕੌਮ ਨੂੰ ਵਿਸ਼ਵਾਸ ਦਿਵਾਉਣ ਲਈ ਉਥੇ ਸਿਖ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਸੀ–

> "ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਮੇਰੇ ਵਚਨਾਂ ਅਤੇ ਕਾਂਗਰਸ ਵਲੋਂ ਪਾਸ ਕੀਤੇ ਗਏ ਮਤਿਆਂ ਤੇ ਯਕੀਨ ਰਖੋ। ਤੁਹਾਡੀ ਸਮੁਚੀ ਕੌਮ ਨੂੰ ਧੋਖਾ ਦੇਣਾ ਤਾਂ ਇਕ ਪਾਸੇ ਰਿਹਾ, ਅਸੀਂ ਕਿਸੇ ਇਕ ਵਿਅਕਤੀ ਨਾਲ ਵੀ ਐਸਾ ਨਹੀਂ ਕਰ ਸਕਦੇ। ਜਦ ਕਦੀ ਕਾਂਗਰਸ ਨੇ ਅਜਿਹਾ ਕਰਨ ਦੀ ਕੋਸ਼ਸ਼ ਕੀਤੀ ਤਾਂ ਉਹ ਆਪਣੀ ਬਰਬਾਦੀ ਨੂੰ ਆਪ ਸੱਦਾ ਦੇਵੇਗੀ। ਮੇਰੀ ਤੁਹਾਡੇ ਅਗੇ ਨਿਮਰਤਾ ਸਹਿਤ ਬੇਨਤੀ ਹੈ ਕਿ ਤੁਸੀਂ ਆਪਣੇ ਹਿਰਦਿਆਂ ਵਿਚੋਂ ਇਹੋ ਜਿਹੇ ਤੱਥ ਅਤੇ ਤੌਖਲੇ ਬਿਲਕੁਲ ਕਢ ਦਿਓ। ਮੈਂ ਪਰਮਾਤਮਾ ਨੂੰ ਹਾਜ਼ਰ ਨਾਜ਼ਰ ਜਾਣ ਕੇ ਕਹਿੰਦਾ ਹਾਂ ਕਿ ਜੋ ਜੋ ਵਾਹਿਦੇ ਮੇਰੇ ਵਲੋਂ ਤੇ ਕਾਂਗਰਸ ਵਲੋਂ ਤੁਹਾਡੀ ਕੌਮ ਨਾਲ ਕੀਤੇ ਗਏ ਹਨ, ਉਨ੍ਹਾਂ ਨੂੰ ਅਸੀਂ ਹਰ ਕੀਮਤ ਤੇ ਨਿਭਾਵਾਂਗੇ। ਮੇਰੇ ਵਿਚਾਰ ਵਿਚ ਕਾਂਗਰਸ ਦਾ ਅਹਿੰਸਾ ਵਿਚ ਵਿਸ਼ਵਾਸ ਉਸ ਵਲੋਂ ਦਿਤੇ ਵਚਨਾਂ ਦੀ ਸਭ ਤੋਂ ਵਡੀ ਤੇ ਪੱਕੀ ਗਰੰਟੀ ਹੈ। ਇਸ ਲਈ ਸਾਡੇ ਸਿਖ ਭਰਾਵਾਂ ਨੂੰ ਇਹ ਸੋਚਣਾ ਤਕ ਵੀ ਨਹੀਂ ਚਾਹੀਦਾ ਕਿ ਉਹਨਾਂ ਨਾਲ ਕਦੇ ਕੋਈ ਧੋਖਾ ਯਾ ਫ਼ਰੇਬ ਕੀਤਾ ਜਾ ਸਕਦਾ ਹੈ, ਕਿਉਂਕਿ ਜਦ ਕਦੇ ਵੀ ਕਾਂਗਰਸ ਨੇ ਐਸਾ ਕਰਨ ਦੀ ਕੋਸ਼ਿਸ਼ ਕੀਤੀ, ਉਹ ਆਪਣੀ ਅਤੇ ਆਪਣੇ ਦੇਸ਼ ਦੀ ਬਰਬਾਦੀ ਦਾ ਕਾਰਨ ਆਪ ਬਣੇਗੀ। ਸਿਖ ਇਕ ਬਹਾਦਰ ਕੌਮ ਹੈ ਅਤੇ ਉਹ ਆਪਣੇ ਹੱਕਾਂ ਦੀ ਰਾਖੀ ਉਨ੍ਹਾਂ ਹਥਿਆਰਾਂ ਨਾਲ ਕਰਨੀ ਜਾਣਦੀ ਹੈ, ਜੋ ਉਸ ਦੀ ਰਹਿਤ ਮਰਯਾਦਾ ਦਾ ਹਿੱਸਾ ਹਨ।"

ਕਾਂਗਰਸ ਦੇ ਵਖ ਵਖ ਲੀਡਰਾਂ ਵਲੋਂ ਸਮੇਂ ਸਮੇਂ ਕਾਂਗਰਸ ਸੈਸ਼ਨਾਂ ਅਤੇ ਉਚੇਚੀਆਂ ਮੀਟਿੰਗਾਂ ਆਦਿ ਵਿਚ ਕਈ ਤਰ੍ਹਾਂ ਦੇ ਵਾਹਿਦੇ ਕਰਨ ਦੇ ਬਾਵਜੂਦ ਜੋ ਕੁਝ ਸਿਖ ਕੌਮ ਨਾਲ ਹੋ ਰਿਹਾ ਹੈ, ਉਹ ਹੁਣ ਤਕ ਸਭ ਦੇ ਸਾਹਮਣੇ ਆ ਚੁਕਿਆ ਹੈ। ਕੋਈ ਚਾਰਾ ਨਾ ਵੇਖ ਕੇ ਅਖੀਰ ਸਿੰਘਾਂ ਨੂੰ "ਧਰਮ ਯੁਧ ਮੋਰਚਾ" ਲਾਉਣਾ ਪਿਆ ਹੈ। ਹੁਣ ਤਕ ਭਾਰਤ ਤਾਂ ਕੀ, ਸਾਰੀ ਦੁਨੀਆ ਵਿਚ ਸਿੰਘਾਂ ਦੀਆਂ ਹੱਕੀ ਮੰਗਾਂ ਮੰਨ ਲੈਣ ਲਈ ਹਾਹਾਕਾਰ ਮਚ ਚੁਕੀ ਹੈ। ਪਰ ਅੱਜ ਤਕ ਊਠ ਕਿਸੇ ਕਰਵਟ ਬੈਠਦਾ ਨਜ਼ਰ ਨਹੀਂ ਆਉਂਦਾ ਅਤੇ ਕੋਈ ਹੱਲ ਹੁੰਦਾ ਜਾਪਦਾ ਨਹੀਂ, ਕੋਈ ਗੱਲ ਵੀ ਸਿਰੇ ਨਹੀਂ ਚੜ੍ਹ ਰਹੀ ਅਤੇ ਟਾਲਮਟੋਲੇ ਕਰ ਕੇ ਮਾਮਲੇ ਨੂੰ ਲਮਕਾਇਆ ਤੇ ਖਟੇ ਪਾਉਣ ਦਾ ਜਤਨ ਕੀਤਾ ਜਾ ਰਿਹਾ ਹੈ।

"ਧਰਮ ਯੁਧ ਮੋਰਚੇ" ਦੇ ਮੁਖੀ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਦੀ ਸਿਆਣੀ ਅਗਵਾਈ ਵਿਚ ਅੱਜ ਤਕ ਸਿੰਘਾਂ ਨੂੰ ਸ਼ਾਂਤ ਰਖਿਆ ਜਾ ਰਿਹਾ ਹੈ। ਨੌਜੁਆਨ ਤਬਕੇ ਦੇ ਖੂਨ ਨੂੰ ਜੋਸ਼ ਵਿਚ ਆਉਣ ਤੋਂ ਰੋਕਣ ਲਈ ਸੰਤ ਜੀ ਬੜੀ ਸੂਝ-ਬੂਝ ਤੋਂ ਕੰਮ ਲੈ ਰਹੇ ਹਨ ਅਤੇ ਇਤਨੇ ਲੰਮੇ ਅਰਸੇ ਵਿਚ ਸੈਂਕੜੇ ਸ਼ਹੀਦੀਆਂ ਦੇ ਕੇ ਅਤੇ ਡੇਢ ਲੱਖ ਤੋਂ ਵਧ ਗ੍ਰਿਫ਼ਤਾਰੀਆਂ ਦੇ ਕੇ ਵੀ ਪੂਰੀ ਸ਼ਾਂਤਮਈ ਤੋਂ ਕੰਮ ਲਿਆ ਜਾ ਰਿਹਾ ਹੈ।

ਬੜੇ ਅਫ਼ਸੋਸ ਵਾਲੀ ਗੱਲ ਹੈ ਕਿ ਕਾਂਗ੍ਰਸ ਸਰਕਾਰ ਢੀਠਤਾਈ ਵਰਤ ਕੇ ਮਸਲੇ ਨੂੰ ਅਜਾਈਂ ਉਲਝਾ ਰਹੀ ਹੈ। ਪੰਜਾਬ ਅਤੇ ਸਿਖਾਂ ਦੀਆਂ ਹੱਕੀ ਮੰਗਾਂ ਨੂੰ ਰੋਲ-ਘਚੋਲੇ ਵਿਚ ਪਾ ਕੇ ਸਰਕਾਰ ਪੰਜਾਬੀਆਂ ਅਤੇ ਸਿਖਾਂ ਦਾ ਭਰੋਸਾ ਗਵਾ ਰਹੀ ਹੈ। ਆਖ਼ਰ ਧੀਰਜ ਅਤੇ ਸਬਰ ਦੀ ਵੀ ਕੋਈ ਹੱਦ ਹੁੰਦੀ ਹੈ। ਸਰਕਾਰ ਨੂੰ ਸਾਡੀ ਚਿਤਾਵਨੀ ਹੈ ਕਿ ਅਕਲ ਤੋਂ ਕੰਮ ਲਵੇ ਅਤੇ ਮਾਮਲੇ ਦੀ ਗੰਭੀਰਤਾ ਨੂੰ ਸਮਝੇ। ਅਣਖੀਲੇ ਪੰਜਾਬੀ ਅਤੇ ਸਿਖ, ਅਣਖ ਦੇ ਸਵਾਲ ਤੇ ਮਰ ਮਿਟਣ ਵਾਲੇ ਹਨ !! ਹਰ ਸਾਊ ਅਤੇ ਸਿਆਣਾ ਬੰਦਾ ਸਰਕਾਰ ਨੂੰ ਮਸ਼ਵਰਾ ਦੇ ਰਿਹਾ ਹੈ ਕਿ ਸਰਕਾਰ ਸੰਭਲੇ !!!

www.AKJ.Org

# ਗੁਰਮੰਤ੍ਰ ਦੇਣ ਦਾ ਅਧਿਕਾਰ ਕਿਸ ਨੂੰ ਹੈ ?

[ਵਲੋਂ—ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ]

## *ਨਿਰੰਕਾਰੀ ਰਾਮ*

ਗੁਰ-ਬਖ਼ਸ਼ਿਸ਼ ਰੂਪ ਸਤਿਗੁਰ ਦਾ ਸੱਚਾ ਪ੍ਰਸ਼ਾਦ ਨਾਮ ਹੀ ਹੈ। ਜਿਸ ਨੂੰ ਇਹ ਸਤਿਗੁਰ ਦਾ ਬਖਸ਼ਿਆ ਪ੍ਰਸ਼ਾਦ ਮਿਲਦਾ ਹੈ, ਉਸਨੂੰ ਕਦੇ ਤੋਟ ਨਹੀਂ ਆਉਂਦੀ, ਸਦਾ ਹੀ ਅਤੁਟ ਛਾਂਦੇ ਉਹ ਭੁੰਚਦਾ ਹੈ। ਸਤਿਗੁਰ ਨਾਨਕ ਸਾਹਿਬ ਦੇ ਪ੍ਰਸਾਦ ਕਰਿ ਮਿਲਿਆ ਨਿਰੰਕਾਰ ਅਕਾਲ ਪੁਰਖ ਦਾ ਨਾਮ ਭੀ ਨਿਰੰਕਾਰੀ ਨਾਮ ਹੈ। ਇਹ ਨਿਰੰਕਾਰੀ ਨਾਮ ਰੂਪ ਰੇਖ ਤੋਂ ਨਿਆਰਾ, ਪਰ ਦਿਬਯ-ਜੋਤੀ ਘਟਿ ਘਟਿ ਡੀਠ ਅਡੀਠ ਨਾਮ ਹੈ, ਜੋ (ਅਲੱਖ ਪਦਾਰਥ) ਕੇਵਲ ਨਾਮ-ਰਸੀਏ ਗੁਰਮੁਖਾਂ ਪਾਸੋਂ ਹੀ ਲਖਿਆ ਜਾ ਸਕਦਾ ਹੈ। ਜੈਸਾ ਕਿ ਇਸ ਅਗਲੇ ਗੁਰਵਾਕ ਦਾ ਭਾਵ ਹੈ :—

> ਹਉ ਵਾਰੀ ਜੀਉ ਵਾਰੀ ਨਿਰੰਕਾਰੀ ਨਾਮੁ ਧਿਆਵਣਿਆ ॥
> ਤਿਸੁ ਰੂਪੁ ਨ ਰੇਖਿਆ ਘਟਿ ਘਟਿ ਦੇਖਿਆ ਗੁਰਮੁਖਿ ਅਲਖੁ ਲਖਾਵਣਿਆ ॥੧॥ਰਹਾਉ॥ ...
> ਗੁਰੁ ਪਰਸਾਦੁ ਕਰੈ ਨਾਮੁ ਦੇਵੈ ਨਾਮੇ ਨਾਮਿ ਸਮਾਵਣਿਆ ॥੨॥

ਮਾਝ ਮ: ੪, ਪੰਨਾ ੧੨੯-੩੦

ਨਾਮ ਨਾਮੀ ਦੀ ਦਿਬ ਜੋਤਿ ਦੀ ਅਲੱਖ ਲਖਤਾ ਵਾਲੇ ਗੁਰਮੁਖ ਜਨਾਂ ਅਤੇ ਘਟ ਮਾਹਿ ਖਾਲਸ ਜੋਤਿ ਜਗਨੰਤਰੀ ਖਾਲਸਾ ਜਨਾਂ ਦਾ ਪੁੰਜ ਹੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਾਬਿਆ ਅਧਿਕਾਰੀ ਜਗਿਆਸੂ ਜਨਾਂ ਨੂੰ ਅੰਮ੍ਰਿਤ ਛਕਾ ਸਕਦਾ ਹੈ ਅਤੇ ਨਾਮ ਗੁਰ-ਮੰਤਰ ਦ੍ਰਿੜ੍ਹਾ ਸਕਦਾ ਹੈ। ਅਜਿਹੇ ਇਕ ਇਕੱਲੇ ਖਾਲਸਾ ਜਨ ਨੂੰ ਨਾਮ ਗੁਰ-ਮੰਤਰ ਦੇਣ ਦ੍ਰਿੜ੍ਹਾਉਣ ਦਾ ਅਧਿਕਾਰ ਨਹੀਂ। ਨਾ ਹੀ ਉਸ ਇਕੱਲੇ ਨੂੰ ਅੰਮ੍ਰਿਤ ਛਕਾਉਣ ਦਾ ਅਧਿਕਾਰ ਹੈ, ਚਾਹੇ ਉਹ ਕਿਤਨਾ ਉਚਾ ਸੁਚਾ ਨਾਮ ਅਭਿਆਸ ਕਲਾ ਕਮਾਈ ਵਾਲਾ ਨਿਪੁੰਨ ਗੁਰਮੁਖ ਜਨ ਹੀ ਹੋਵੇ।

ਭੂਤ ਭਵਿੱਖਤ ਦੇ ਦਾਨੀ (ਤ੍ਰੈਕਾਲ ਦਰਸੀ) ਸ੍ਰੀ ਗੁਰੂ ਦਸਮੇਸ਼ ਜੀ ਨੇ ਆਪਣੀ ਗੁਰੱਤਤਾ ਦੇ ਅਹਿਦ ਸਮੇਂ ਹੀ ਪੰਜਾਂ ਪਿਆਰਿਆਂ ਵਾਲਾ ਧੁਰਵਾ ਬੰਨ੍ਹ ਦਿਤਾ। ਇਥੋਂ ਤਾਈਂ ਕਿ ਖ਼ੁਦ ਆਪ ਚੋਜੀ ਪਾਦਸ਼ਾਹ ਨੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪਾਨ ਕੀਤਾ ਅਤੇ ਨਾਮ ਦਾਨ ਲੀਤਾ, ਤਾਕਿ ਅਗੇ ਨੂੰ ਕੋਈ ਇਕੱਲਾ ਗੁਰੂ ਬਣ ਕੇ ਨਾ ਬੈਠੇ ਅਤੇ ਇਕੱਲਾ ਹੀ ਨਾਮ ਦੇਣਾ ਨਾ ਆਰੰਭ ਦੇਵੇ। **ਪੰਜਾਂ ਪਿਆਰਿਆਂ ਦੇ ਪ੍ਰਗਟਾਉਣ ਵਾਲੇ ਚੋਜ ਪਸਚਾਤ ਗੁਰੂ ਦਸਮੇਸ਼ ਸੱਚੇ ਪਾਦਸ਼ਾਹ ਅਗੇ ਲਈ ਹਮੇਸ਼ਾ ਆਪਣੀ ਹਜ਼ੂਰੀ ਵਿਚ (ਅਰਥਾਤ ਆਪਣੀ ਤਾਬਿਆ) ਅਧਿਕਾਰੀ ਜਨਾਂ ਨੂੰ ਪੰਜਾਂ ਪਿਆਰਿਆਂ ਤੋਂ ਹੀ ਅੰਮ੍ਰਿਤ ਛਕਾਉਂਦੇ ਰਹੇ। ਪੰਜਾਂ ਪਿਆਰਿਆਂ ਦੀ ਹਜ਼ੂਰੀ ਮਨਜ਼ੂਰੀ ਵਿਚ ਨਾਮ ਦਾਨ ਦਿੰਦੇ ਦ੍ਰਿੜ੍ਹਾਉਂਦੇ ਰਹੇ।** ਆਪਣੇ ਜੋਤੀ ਜੋਤਿ ਸਮਾਉਣ ਸਮੇਂ ਤੋਂ ਪਹਿਲਾਂ ਹੀ ਇਹ ਪੱਕਾ ਧਰਵਾ ਬੰਨ੍ਹ ਦਿਤਾ ਕਿ ਅਗੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਸਦਾ ਲਈ ਗੁਰਗੱਦੀ ਤੇ ਸਸ਼ੋਭਤ ਰਹਿਣਗੇ, ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਹੀ ਇਸੇ ਤਰ੍ਹਾਂ ਪੰਚ ਪਰਵਾਨ ਖਾਲਸਾ ਜੀ ਅੰਮ੍ਰਿਤ ਛਕਾਇਆ ਤੇ ਨਾਮ ਦ੍ਰਿੜ੍ਹਾਇਆ ਕਰਨ, ਜੈਸਾ ਕਿ ਅਸਾਡੀ ਤਾਬਿਆ ਧੁਰਵਾ ਬਝ ਰਿਹਾ ਹੈ।



www.AKJ.Org

ਗੁਰੂ ਦਸਮੇਸ਼ ਜੀ ਦੇ ਖਾਲਸਾ ਸਜਾਉਣ ਦੇ ਸਮੇਂ ਤੋਂ ਪਹਿਲਾਂ ਸਭੇ ਗੁਰੂ ਪਾਤਸ਼ਾਹੀਆਂ ਦੀ ਹੁਕਮ ਰਜ਼ਾਈ ਟਕਸਾਲ ਦਾ ਸਿੱਕਾ ਖੰਡੇ ਦਾ ਅੰਮ੍ਰਿਤ ਛਕਾਉਣ ਦੇ ਥਾਉਂ ਚਰਨ ਪਾਹੁਲੀ ਅੰਮ੍ਰਿਤ ਛਕਾਉਣਾ ਸੀ, ਜੋ ਗੁਰੂ ਪਾਤਸ਼ਾਹ ਤੋਂ ਬਿਨਾਂ ਕੋਈ ਨਹੀਂ ਸੀ ਛਕਾ ਸਕਦਾ। ਨਾ ਹੀ ਕੋਈ ਨਾਮ ਨਿਧਾਨ ਦ੍ਰਿੜ੍ਹਾ ਸਕਦਾ ਸੀ। ਗੁਰਮਤਿ ਨਾਮ ਦੀ ਮਹਿਮਾ, ਗੁਰੂ ਕੀ ਮਹਿਮਾ ਦ੍ਰਿੜ੍ਹਾਇ ਦ੍ਰਿੜ੍ਹਾਇ, ਨਾਮ ਅਭਿਆਸ ਕਮਾਈਆਂ ਵਾਲੇ ਗੁਰਮੁਖ ਜਨ ਨਾਮ ਗੁਰਮਤਿ, ਗੁਰਸਿਖੀ ਦੇ ਅਭਿਲਾਖੀ ਉਮੇਦਵਾਰਾਂ ਨੂੰ ਪ੍ਰੀਤੀ-ਪ੍ਰੇਰਨਾ ਦੁਆਰਾ ਸਰਣੀ ਲਿਆਉਣ ਦੀ ਅਥੱਕ ਸੇਵਾ ਵਿਚ ਜੁਟੇ ਰਹਿੰਦੇ ਸਨ, ਪਰ ਆਪ ਆਪੋਂ ਕਦੇ ਕਿਸੇ ਨੂੰ ਨਾਮ ਅਤੇ ਸਿੱਖੀ ਪਰਦਾਨ ਨਹੀਂ ਕਰਦੇ ਸਨ, ਅਤੇ ਇਸ ਬਿਧ ਗੁਰੂ ਬਣ ਬਣ ਕਦੇ ਨਹੀਂ ਬਹਿੰਦੇ ਸਨ।

ਗੁਰੂ ਬਣ ਬਹਿਣ ਦੀ ਵਾਦੀ ਪੈਂਦੀ ਹੀ ਨਾਮ-ਗੁਰ-ਮੰਤਰ ਦੇ ਦਾਤੇ ਬਣਨ ਤੋਂ ਹੈ। ਇਹ ਵਾਦੜੀਆਂ ਕੁਵਾਦੜੀਆਂ ਖ਼ਬਰ ਨਹੀਂ ਕਦੋਂ ਕੁ ਤੋਂ ਪ੍ਰਚਲਤ ਹੋਈਆਂ, ਪਰ ਇਸ ਵਿਚ ਸੰਦੇਹ ਨਹੀਂ ਕਿ ਹੋਈਆਂ ਉਨ੍ਹਾਂ ਦੇ ਪੈਰਾਂ ਤੋਂ, ਜੋ ਗੂੜ੍ਹ ਗੁਰਮਤਿ ਦੇ ਤੱਤ ਆਸ਼ੇ ਤੋਂ ਅਗਿਆਨੀ ਸਨ ਅਤੇ ਜਿਨ੍ਹਾਂ ਨੂੰ ਗੁਰੂ ਬਣ ਬਣ ਬਹਿਣ ਦਾ ਕੁਚਸਕਾ ਪਿਆ ਹੋਇਆ ਸੀ। ਇਹ ਖ਼ਬਰੇ ਕਿਵੇਂ ਪੈ ਗਿਆ ਸੀ ?

ਭਾਈ ਗੁਰਦਾਸ ਜੀ ਸਾਰਖੇ ਤੱਤਬੇਤੇ ਗੁਰਮੁਖ ਜਨ ਅਤੇ ਬਾਬੇ ਬੁੱਢੇ ਸਾਰਖੇ ਬ੍ਰਹਮ-ਗਿਆਨੀ ਤਾਂ ਸੰਗਤਾਂ ਨੂੰ ਦੂਰ ਦੁਰਾਡਿਆਂ ਥਾਵਾਂ ਤੋਂ ਪ੍ਰੇਰ ਪ੍ਰੇਰ ਕੇ ਗੁਰ-ਸਰਣਾਗਤਿ ਲਿਆਉਂਦੇ ਰਹੇ ਅਤੇ ਗੁਰੂ ਸਤਿਗੁਰੂ ਪਾਸੋਂ ਹੀ ਨਾਮ ਗੁਰ-ਮੰਤਰ ਦਾ ਦਾਨ ਅਤੇ ਗੁਰਸਿਖੀ ਪਰਦਾਨ ਕਰਾਉਂਦੇ ਰਹੇ, ਉਹ ਕਦੇ ਖ਼ੁਦ ਗੁਰੂ ਬਣ ਕੇ ਨਹੀਂ ਬੈਠੇ, ਨਾ ਹੀ ਉਨ੍ਹਾਂ ਨੇ ਨਾਮ ਗੁਰਮੰਤਰ ਖ਼ੁਦ ਕਿਸੇ ਪ੍ਰਾਣੀ ਨੂੰ ਦਿਤਾ, ਨਾ ਕਿਸੇ ਨੂੰ ਆਪਣਾ ਸਿਖ ਬਣਾਇਆ, ਨਾ ਆਪਣੇ ਆਪ ਨੂੰ ਗੁਰੂ ਸਦਵਾਇਆ। ਨਹੀਂ ਤਾਂ ਹੁਣ ਨੂੰ ਉਨ੍ਹਾਂ ਦੀਆਂ ਸਿਖੀ ਸੇਵਕੀ ਦੀਆਂ ਪੱਧਤਾਂ ਕਦੇ ਦੀਆਂ ਪ੍ਰਚਲਤ ਹੋ ਗਈਆਂ ਹੁੰਦੀਆਂ। ਬ੍ਰਹਮ-ਬੇੜੇ ਹੋ ਕੇ ਸਦੀਵ ਲਈ ਸਿਖ ਹੀ ਬਣੇ ਰਹੇ ਅਤੇ ਆਪਣੇ ਆਪ ਨੂੰ ਜਣਾਇਆ ਤਕ ਨਹੀਂ।

ਇਹ ਤਾਂ ਅਜਰ ਨੂੰ ਜਰਨ ਵਾਲੀ ਗੁਰ-ਹੁਕਮਾਂ ਸਿਰ ਹੁਕਮ ਦੀ ਸਫਲ ਕਮਾਈ ਹੈ। ਇਹੀ ਸੱਚੀ ਗੁਰਸਿੱਖੀ ਹੈ। ਇਹ ਨਾਮ-ਰਸਾਇਣੀ ਅਜਰ ਜਰਾਇਣੀ ਅਡੋਲ ਅਤੇ ਹਉਮੈ ਤੋਂ ਨਿਰਲੇਪ ਆਤਮ ਅਵਸਥਾ ਹੈ, ਜੋ ਪੂਰਨ ਗੁਰ-ਮਰਜਾਦਾ ਅਨੁਸਾਰ ਤੇ ਗੁਰਮਤਿ ਦੇ ਪੂਰਨ ਅਤੇ ਤੱਤ ਆਸ਼ੇ ਅਨੁਸਾਰ ਕੇਵਲ ਸਤਿਗੁਰੂ ਦੁਆਰਿਓਂ ਹੀ ਨਾਮ ਦਾਤ ਦੀ ਬਖਸ਼ਿਸ਼ ਕਰਿ ਵਰੋਸਾਏ ਗਏ ਗੁਰਮੁਖ ਜਨਾਂ ਨੂੰ ਪ੍ਰਾਪਤ ਹੈ। ਜੋ ਇਥੋਂ ਰਾਈ ਮਾਤਰ ਭੀ ਘੁਥ ਗਏ, ਸੋ ਕਾਂਪ ਖਾ ਗਏ। ਅਤੇ ਅਕਸਰ ਓਹੀ ਕਾਂਪ ਖਾਂਦੇ ਹਨ, ਜਿਨ੍ਹਾਂ ਦੀ ਨਾਮ ਲੈਣ ਵਾਲੀ ਪੂਰਨ ਗੁਰਮਤਿ ਮਰਯਾਦਾ ਵਲੋਂ ਅਪੂਰਨਤਾ ਰਹਿ ਜਾਂਦੀ ਹੈ, ਜਾਂ ਜਿਨ੍ਹਾਂ ਨੂੰ ਨਾਮ-ਦਾਤ ਪੂਰਨ ਗੁਰ-ਮਰਯਾਦਾ ਅਨੁਸਾਰ ਪ੍ਰਾਪਤ ਕਰ ਕੇ ਪਿਛੋਂ ਕੋਈ ਗੁਰਮਤਿ ਪ੍ਰਤਿਕੂਲ ਚੂਕ ਹੋ ਜਾਂਦੀ ਹੈ, ਉਹ ਅੱਤ ਚੜ੍ਹ ਗਈ ਆਤਮ ਬਿਵਸਥਾ ਤੋਂ ਉਸ ਮਨਮਤ ਦੇ ਕਾਰਨ ਇਕ-ਦਮ ਖੜਦੀ ਕਲਾ ਵਿਚ ਹੋ ਜਾਂਦੇ ਹਨ।

ਇਕ ਗੁਰਮੁਖ ਨਾਮ ਕਮਾਈਆਂ ਵਾਲੇ ਸਿਖ ਸਜਣ ਦੀ ਇਥੋਂ ਤਾਈਂ ਆਤਮ-ਅਵਸਥਾ ਚੜ੍ਹ ਗਈ ਸੀ ਕਿ ਉਸ ਦੀ ਨਾਮ-ਰੰਗਾਂ ਵਾਲੀ ਕਮਾਲ ਕਰਨੀ ਨੂੰ ਪੇਖਿ ਪੇਖਿ ਸੈਂਕੜੇ ਆਦਮੀ ਸੁਮਾਰਗੇ ਪਏ ਅਤੇ ਗੁਰਮਤਿ ਗ੍ਰਹਿਣ ਕਰਿ ਤਿਆਰ-ਬਰ-ਤਿਆਰ ਸਿੰਘ ਸਜੇ, ਪਰ ਉਹ ਸਜਣ ਵਿਚ-ਵਿਚਾਲੇ ਆ ਕੇ ਅਜਿਹਾ ਅਟਕਿਆ ਕਿ ਉਸ ਦਾ ਨਾਮ-ਅਭਿਆਸ ਉੱਕਾ ਹੀ ਖੜੋ ਗਿਆ। ਉਹ ਦੁਹਾਈਆਂ ਦੇਵੇ ਅਤੇ ਕਹੇ ਕਿ ਮੈਨੂੰ ਕੀ ਹੋ ਗਿਆ ? ਬਹੁੜੀਆਂ ਪਾਵੇ, ਪਰ ਬਣੇ ਕੁਝ ਨਾ। ਓੜਕ ਜਦੋਂ ਨਾਮ ਰਸੀਅੜੇ ਸਿੰਘ-ਸੁਅਜਨਾਂ ਦੇ ਸਨਮੁਖ



www.AKJ.Org

ਗੁਰੂ ਦਰਬਾਰ ਵਿਚ ਆ ਕੇ ਉਸ ਨੇ ਪੁਕਾਰ ਕੀਤੀ ਤੇ ਸੰਗਤ ਅੰਦਰ ਵੀਚਾਰ ਦੁਆਰਾ ਜਦੋਂ ਉਸ ਦੀ ਸੋਧਨਾ ਕੀਤੀ ਗਈ ਤਾਂ ਪਤਾ ਲਗਾ ਕਿ ਉਹ ਸਜਣ ਇਕੱਲਾ ਹੀ ਲੋਕਾਂ ਨੂੰ ਨਾਮ ਗੁਰਮੰਤਰ ਦੇਣ ਲਗ ਗਿਆ ਸੀ। ਉਸ ਦੀ ਇਸ ਬੱਜਰ ਭੁਲ ਦਾ ਜਦੋਂ ਗੁਰ-ਸੰਗਤ ਅੰਦਰ ਪੂਰਨ ਪ੍ਰਾਸਚਿਤੀ ਅਰਦਾਸਾ ਉਸ ਦੀ ਓਰ ਤੋਂ ਹੋਇਆ ਤਾਂ ਤਤਕਾਲ ਹੀ ਉਸ ਦਾ ਨਾਮ ਅਭਿਆਸ ਤੁਰ ਪਇਆ, ਜੋ ਅਗੇ ਪਥਰਾਇਆ ਗਿਆ ਸੀ।

ਇਸ ਵਿਚ ਰੰਚਕ ਸੰਦੇਹ ਨਹੀਂ ਕਿ ਇਕੱਲੇ ਨਾਮ ਦੇਣ ਵਾਲਿਆਂ ਅਤੇ ਇਕੱਲਿਆਂ ਤੋਂ ਨਾਮ ਲੈਣ ਵਾਲਿਆਂ ਦੋਹਾਂ ਦੀਆਂ ਨਾਮ ਅਭਿਆਸ ਕਮਾਈਆਂ ਵਿਚ ਕਚਿਆਈਆਂ ਅਤੇ ਅਪੂਰਨਤਾਈਆਂ ਜ਼ਰੂਰ ਰਹਿ ਜਾਂਦੀਆਂ ਹਨ। ਜਿੰਨੀਆਂ ਭੀ ਇਸ ਤਰ੍ਹਾਂ ਨਾਮ ਦੇਣ ਲੈਣ ਵਾਲਿਆਂ ਦੀਆਂ ਸੰਪ੍ਰਦਾਵਾਂ ਚਲੀਆਂ ਹਨ, ਸਭੇ ਹੀ ਤੱਤ ਨਾਮ ਅਭਿਆਸ ਦੀ ਪੂਰਨ ਕਮਾਈ ਵਲੋਂ ਊਰੀਆਂ ਅਤੇ ਅਧੂਰੀਆਂ ਰਹਿ ਜਾਂਦੀਆਂ ਰਹੀਆਂ ਹਨ। ਚਾਹੇ ਕਿਤਨੀਆਂ ਰਿੱਧੀਆਂ ਸਿੱਧੀਆਂ ਉਨ੍ਹਾਂ ਦੀਆਂ ਪਰਸਿੱਧ ਹੋਣ, ਪਰ ਪੂਰਨ ਨਾਮ ਕਮਾਈ ਦੀ ਗੁਰਮਤਿ ਆਦਰਸ਼ਕ ਬਿਵਸਥਾ ਤੇ ਪੁੱਗ ਖਲੋਣ ਖੁਣੋਂ ਇਹ ਸਭ ਬੱਦਲ ਦੀ ਛਾਈ ਹੀ ਜਾਣੋ।

ਗੁਰੂ ਸਾਹਿਬਾਨ ਦੇ ਸਮੇਂ ਜਿਨ੍ਹਾਂ ਜਿਨ੍ਹਾਂ ਗੁਰਮੁਖ ਗੁਰਸਿਖਾਂ ਨੂੰ ਮੰਜੀਆਂ ਬਖ਼ਸ਼ੀਆਂ ਗਈਆਂ, ਸੋ ਗੁਰਮਤਿ ਦੇ ਪਰਚਾਰ ਲਈ ਬਖਸ਼ੀਆਂ ਗਈਆਂ, ਨਾ ਕਿ ਗੁਰੂ-ਡੰਮ ਦਾ ਡਿੰਭ ਧਾਰਨ ਲਈ। ਜੇ ਕਹੋ ਕਿ ਇਤਿਹਾਸ ਤੋਂ ਇਹ ਗੱਲ ਸਿਧ ਨਹੀਂ ਹੁੰਦੀ ਕਿ ਮੰਜੀਆਂ ਵਾਲੇ ਗੁਰਮੁਖ 'ਨਾਮ' ਦਾਨ ਨਹੀਂ ਸੀ ਕਰਦੇ, ਤਾਂ ਇਤਿਹਾਸ ਤੋਂ ਇਹ ਗੱਲ ਭੀ ਸਿਧ ਨਹੀਂ ਹੁੰਦੀ ਕਿ ਮੰਜੀਆਂ ਵਾਲੇ ਗੁਰਮੁਖ ਨਾਮ ਦਿੰਦੇ ਰਹੇ ਹਨ। ਜੇ ਕਦੇ ਕਿਸੇ ਇਤਿਹਾਸਕਾਰ ਨੇ ਇਹ ਗੱਲ ਲਿਖ ਭੀ ਦਿਤੀ ਹੈ ਤਾਂ ਉਸ ਦਾ ਇਹ ਮਨ-ਉਕਤ ਢਕੌਂਸਲਾ ਹੀ ਹੋਵੇਗਾ। ਅਸੀਂ ਇਤਿਹਾਸ ਨੂੰ ਗੁਰਮਤਿ ਦੀ ਕਸੌਟੀ ਨਾਲ ਪਰਖ ਕੇ ਹੀ ਪਰਵਾਨ ਕਰਨਾ ਹੈ।

ਇਹ ਗੁਰਦੇਵ ਅਤੇ ਚਾਟੜਿਆਂ ਦੇ ਗੁਰ-ਡਿੰਭ ਡੰਮ ਸਿਲਸਿਲੇ ਆਮੁਹਾਰੇ ਹੀ ਚਲੇ ਅਤੇ ਤੱਤ ਗੁਰਮਤਿ ਤੋਂ ਬੇਮੁਖ ਹੋ ਕੇ ਹੀ ਚਲੇ। ਇਹ ਜਿਤਨੀਆਂ ਭਿੰਨ ਭਿੰਨ ਸੰਪ੍ਰਦਾਈ ਪੱਧਤਾਈ ਸ਼੍ਰੇਣੀਆਂ ਹਨ, ਸਭ ਗੁਰਮਤਿ ਤੋਂ ਆਕੀ ਸ਼੍ਰੇਣੀਆਂ ਹਨ। ਬਹੁਤ ਸਾਰੀਆਂ ਸ਼੍ਰੇਣੀਆਂ ਤਾਂ ਲੋਕਾਚਾਰੀ ਚਲ ਪਈਆਂ, ਓਹਨਾਂ ਸ਼੍ਰੇਣੀਆਂ ਦੇ ਪ੍ਰਤੀਨਿਧਾਂ ਨੇ ਨਹੀਂ ਚਲਾਈਆਂ, ਐਵੇਂ ਪਿਛੋਂ ਹੀ ਅੱਲਾਂ ਪੈ ਗਈਆਂ। ਪਰਸਿੱਧ ਭਜਨੀਕ ਹਸਤੀਆਂ ਨੂੰ ਲੋਕੀ ਆਪ ਹੀ ਗੁਰ-ਡਿੰਭਤਾ ਦਾ ਛੱਜ ਚਮੇੜ ਦਿੰਦੇ ਹਨ। ਬੜੇ ਬੜੇ ਕੱਟੜ ਤੱਤ ਖਾਲਸੇ ਭੀ ਇਤ ਵਲੇ ਧੋਖਾ ਖਾ ਜਾਂਦੇ ਹਨ। ਅਸਾਡੇ ਸਾਹਮਣੇ ਅਜ ੩ ਫਰਵਰੀ ੧੯੩੬ ਦਾ "ਖਾਲਸਾ ਸੇਵਕ" ਅਖ਼ਬਾਰ ਪਇਆ ਹੈ, ਜਿਸ ਦੇ ਪੰਨੇ ੬ ਉਤੇ "ਸਿਖ ਰਾਜ ਸਮੇਂ ਦੀ ਮਾਈ" ਦੇ ਸਿਰਲੇਖ ਵਾਲੇ ਲੇਖ ਅੰਦਰ ਚੌਥੇ ਪੈਰੇ ਦੀ ਮੁਢਲੀ ਸਤਰ ਵਿਚ ਸੰਪਾਦਕ ਜੀ ਨੇ ਲਿਖਿਆ ਹੈ—

"ਕਿ ਆਪ ਜੀ ਨੇ ਬਾਬਾ ਗਿਆਨ ਸਿੰਘ ਜੀ ਗਿਆਨੀ ਤੋਂ ਅੰਮ੍ਰਿਤ ਛਕਿਆ।"

ਦੇਖੋ ਕੈਸੀ ਗੁਰਮਤਿ ਦੇ ਤੱਤ ਅਸੂਲੋਂ ਗਿਰੀ ਹੋਈ ਗੱਲ ਲਿਖੀ ਹੈ। ਚਾਹੇ ਇਹ ਸਾਧਾਰਨ ਹੀ ਲਿਖੀ ਗਈ ਹੋਵੇਗੀ, ਪਰ ਇਸ ਨੂੰ ਦੇਖ-ਪੜ੍ਹ ਕੇ ਜਣਾ ਕਣਾ ਸਾਧਾਰਨ ਆਦਮੀ ਇਹ ਧੋਖਾ ਖਾ ਜਾਂਦਾ ਹੈ ਕਿ ਇਕ ਇਕੱਲਾ ਆਦਮੀ ਹੀ ਅੰਮ੍ਰਿਤ ਛਕਾ ਸਕਦਾ ਹੈ।

ਸੰਤ ਸ਼ਾਮ ਸਿੰਘ ਜੀ ਅੰਮ੍ਰਿਤਸਰ ਵਾਲੇ ਪੂਰਨ ਗੁਰਮਤਿ ਮਰਯਾਦਾ ਪਰਸ਼ੋਤਮ ਸੰਤ ਸਨ। ਓਹਨਾਂ ਕਦੇ ਇਕੱਲਿਆਂ ਨੇ ਅੰਮ੍ਰਿਤ ਨਹੀਂ ਛਕਾਇਆ, ਹਾਂ ਪੰਜਾਂ ਪਿਆਰਿਆਂ ਵਿਚ ਜ਼ਰੂਰ ਸ਼ਾਮਲ ਹੁੰਦੇ ਸਨ। ਪਰ ਅਕਸਰ ਲੋਗ ਬਹੁਤ ਸਿਖ ਕਈ ਵਾਰ ਇਹ ਕਹਿੰਦੇ ਸੁਣੇ ਗਏ ਹਨ, 'ਜੀ! ਮੈਂ ਸੰਤ ਸ਼ਾਮ ਸਿੰਘ ਜੀ ਤੋਂ ਅੰਮ੍ਰਿਤ ਛਕਿਆ।' ਸੰਤ ਸ਼ਾਮ ਸਿੰਘ ਜੀ ਨੇ ਕਦੇ ਆਪਣੇ ਚਰਨਾਂ ਨੂੰ ਭੀ ਕਿਸੇ ਤੋਂ ਹੱਥ ਨਹੀਂ ਲਵਾਇਆ ਸੀ ਅਤੇ ਸਾਰਾ ਜੀਵਨ ਉਨ੍ਹਾਂ ਨੇ ਨਿਰੋਲ ਗੁਰਸਿਖ ਰਹਿ ਕੇ ਹੀ ਬਤੀਤ ਕੀਤਾ। ਕਦੇ ਆਪਣੇ ਆਪ ਨੂੰ ਗੁਰੂ



www.AKJ.Org

ਨਹੀਂ ਸਦਵਾਇਆ। ਸਾਰੀ ਉਮਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨਿੰਨ ਪੁਜਾਰੀ ਸੇਵਕ ਸਿਖ ਹੀ ਬਣੇ ਰਹੇ, ਪਰ ਇਹ ਆਮ ਕਹਿਵਤ ਕਹੀ ਜਾਂਦੀ ਸੁਣੀ ਗਈ ਹੈ ਕਿ ਫਲਾਣਾ ਸਿਖ, ਸੰਤ ਸ਼ਾਮ ਸਿੰਘ ਦਾ ਚਾਟੜਾ ਹੈ। ਹਾਲਾਂ ਕਿ ਸੰਤ ਜੀ ਨੂੰ ਗੁਰੂ-ਡੰਮ ਦੀ ਕਦੇ ਭੀ ਚਾਟ ਨਹੀਂ ਲੱਗੀ। ਜਿਨ੍ਹਾਂ ਨੂੰ ਚਾਟ ਲਗੀ ਹੈ ਉਹਨਾਂ ਪ੍ਰਥਾਇ ਤਾਂ ਕਿੰਨੀਆਂ ਕੁ ਕਹਿਵਤਾਂ ਪ੍ਰਚਲਤ ਹੋਈਆਂ ਹੋਣਗੀਆਂ।

ਸੋਲ੍ਹਾਂ ਸਾਲ ਦੀ ਜੇਲ੍ਹ ਯਾਤਰਾ ਤੋਂ ਵਾਪਸ ਆਉਣ ਪਰ ਮੈਨੂੰ ਇਕ ਸਿੰਘ ਘਰ ਆ ਕੇ ਮਿਲਿਆ। ਓਹ ਐਉਂ ਗੱਲਾਂ ਕਰੇ ਜਿਵੇਂ ਮੇਰਾ ਚਿਰੋਕਣਾ ਜਾਣੂੰ ਹੁੰਦਾ ਹੈ, ਪਰ ਮੈਂ ਉਸ ਨੂੰ ਪਛਾਣਿਆ ਨਹੀਂ। ਜਦ ਜਾਣ ਪਛਾਣ ਕਢਣ ਲਈ ਮੈਂ ਉਸ ਤੋਂ ਪੁਛ ਗਿਛ ਕੀਤੀ ਤਾ ਉਸ ਆਖਿਆ, "ਜੀ! ਮੈਂ ਤੁਹਾਥੋਂ ਹੀ ਅੰਮ੍ਰਿਤ ਛਕਿਆ ਹੋਇਆ ਹੈ।" ਮੈਂ ਆਖਿਆ, "ਕੁਛ ਅਕਲ ਦੀ ਗੱਲ ਕਰੋ।" ਓਹ ਸਮਝ ਗਿਆ ਤੇ ਫਿਰ ਆਖਣ ਲਗਾ, "ਜੀ, ਮੈਥੋਂ ਭੁਲ ਹੋ ਗਈ, ਮੈਂ ਤਾਂ ਆਖਣਾ ਸੀ (ਮਰਾ ਮਤਲਬ ਤਾਂ ਇਹ ਸੀ) ਕਿ ਤੁਹਾਡੇ ਜਥੇ ਤੋਂ ਹੀ ਅੰਮ੍ਰਿਤ ਛਕਿਆ ਹੈ।" ਮੈਂ ਬੋਲਿਆ, "ਤੁਸੀਂ ਫੇਰ ਭੁਲ ਕਰਦੇ ਹੋ। ਮੇਰਾ ਜਥਾ ਕੀ! ਕਦੇ ਮੈਨੂੰ ਆਪ ਨੇ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੁੰਦਾ ਭੀ ਦੇਖਿਆ ਹੈ!" ਉਸ ਠਠੰਬਰ ਕੇ ਆਖਿਆ, "ਜੀ! ਜਿਸ ਜਥੇ ਵਿਚ ਤੁਸੀਂ ਰਲ ਮਿਲ ਕੇ ਕੀਰਤਨ ਅਤੇ ਅਖੰਡਪਾਠ ਕਰਦੇ ਹੁੰਦੇ ਹੋ, ਮੇਰੀ ਉਸ ਆਖਣ ਤੋਂ ਇਹੀ ਮੁਰਾਦ ਹੈ।" ਇਹ ਗੱਲ ਪੱਕੀ ਸੀ ਕਿ ਜਦੋਂ ਉਸ ਨੇ ਅੰਮ੍ਰਿਤ ਛਕਿਆ ਸੀ ਤਾਂ ਮੈਂ ਓਦੋਂ ਪੰਜਾਂ ਪਿਆਰਿਆਂ ਵਿਚ ਭੀ ਨਹੀਂ ਸੀ ਸ਼ਾਮਲ ਹੋਇਆ। ਏਸੇ ਪ੍ਰਕਾਰ ਮੇਰੀ ਪਿੱਠ ਪਿਛੇ ਤਾਂ ਅਜਿਹੀਆਂ ਕਹਿਵਤਾਂ ਕਈ ਹੁੰਦੀਆਂ ਫਿਰਦੀਆਂ ਹੋਣਗੀਆਂ।

ਸਾਨੂੰ ਪਰਪੱਕ ਨਿਸਚਾ ਹੈ ਅਤੇ ਪੱਕੀਆਂ ਗਵਾਹੀਆਂ ਏਸ ਗੱਲ ਦੀਆਂ ਮਿਲੀਆਂ ਹਨ ਕਿ ਸੰਤ ਬਾਲਕ ਸਿੰਘ ਜੀ ਹਜ਼ਰੋ ਵਾਲਿਆਂ ਨੇ ਕਦੇ ਇਕੱਲਿਆਂ ਨੇ ਅੰਮ੍ਰਿਤ ਨਹੀਂ ਛਕਾਇਆ ਅਤੇ ਨਾ ਕਦੀ ਇਕੱਲਿਆਂ ਕਿਸੇ ਨੂੰ ਨਾਮ ਦਿਤਾ। ਇਹ ਜੋ ਗੱਲ ਪ੍ਰਚਲਤ ਹੈ ਕਿ ਬਾਬਾ ਰਾਮ ਸਿੰਘ ਜੀ ਭੈਣੀ ਵਾਲਿਆਂ ਨੇ ਬਾਬਾ ਬਾਲਕ ਸਿੰਘ ਜੀ ਪਾਸੋਂ ਨਾਮ ਗੁਰਮੰਤਰ ਲਇਆ, ਇਹ ਗੱਲ ਉੱਕੀ ਹੀ ਨਿਰਮੂਲ ਹੈ। ਹਾਂ, ਇਹ ਗੱਲ ਸੱਚ ਹੈ ਕਿ ਓਹਨਾਂ ਹਜ਼ਰੋ ਜਾ ਕੇ ਪੰਜਾਂ ਪਿਆਰਿਆਂ ਦੇ ਓਸ ਜਥੇ ਤੋਂ ਅੰਮ੍ਰਿਤ ਛਕਿਆ, ਜਿਨ੍ਹਾਂ ਪੰਜਾਂ ਪਿਆਰਿਆਂ ਵਿਚ ਸੰਤ ਬਾਲਕ ਸਿੰਘ ਜੀ ਭੀ ਸ਼ਾਮਲ ਸਨ। ਅਤੇ ਐਨ ਅੰਮ੍ਰਿਤ ਸਮਾਗਮ ਸਮੇਂ ਹੀ ਪੰਜਾਂ ਪਿਆਰਿਆਂ ਦੁਆਰਾ ਨਾਮ ਗੁਰਮੰਤਰ ਲਇਆ ਗਿਆ।

ਬਹੁਤ ਚਿਰ ਤਾਂ ਭੈਣੀ ਵਿਖੇ ਭੀ ਪੰਜਾਂ ਪਿਆਰਿਆਂ ਦੁਆਰਾ ਹੀ ਖੰਡੇ ਦਾ ਅੰਮ੍ਰਿਤ ਤਿਆਰ ਹੁੰਦਾ ਰਿਹਾ, ਜਿਨ੍ਹਾਂ ਵਿਚ ਕਿ ਬਾਬਾ ਰਾਮ ਸਿੰਘ ਜੀ ਭੀ ਸ਼ਾਮਲ ਹੁੰਦੇ ਰਹੇ ਅਤੇ ਪੰਜਾਂ ਦੇ ਪੁੰਜ ਤੋਂ ਹੀ ਐਨ ਅੰਮ੍ਰਿਤ ਸਮੇਂ ਪੂਰਨ ਗੁਰ ਮਰਯਾਦਾ ਅਨੁਸਾਰ ਨਾਮ ਗੁਰਮੰਤਰ ਦੇਣ ਲੈਣ ਦੀ ਗੁਰਮਤਿ ਰੀਤ ਸੁਰੀਤ ਚਲਦੀ ਰਹੀ। ਪਿਛੋਂ ਆ ਕੇ ਗੱਲ ਬਿਗੜਦੀ ਬਿਗੜਦੀ ਬਿਗੜ ਗਈ ਅਤੇ ਐਥੋਂ ਤਾਈਂ ਨੌਬਤ ਆਣ ਪੁਜੀ ਕਿ ਇਕ ਇਕ ਨਾਮਧ ਰੀ-ਸਿਖ ਅੱਡੋ ਅੱਡੀ ਕਈ ਕਈ ਅਨ-ਅਧਿਕਾਰੀ ਆਦਮੀਆਂ ਦੇ ਕੰਨਾਂ ਵਿਚ ਫੂਕਾਂ ਮਾਰਦਾ ਦੇਖਿਆ ਗਇਆ, ਅਤੇ ਦੇਖਿਆ ਜਾਂਦਾ ਹੈ, ਜਿਸ ਵਤੀਰੇ ਨੇ ਗੁਰਮੰਤਰ ਲੈਣ ਦੇਣ ਦੀ ਖੇਡ ਨੂੰ ਹਾਸੋ ਹੀਣਾ ਬਣਾ ਛਡਿਆ ਹੈ। ਐਸਾ ਬਿਗਾੜ ਹੀ ਨਿਰਮਲੇ ਆਦਿਕ ਹੋਰ ਸੰਪ੍ਰਦਾਵਾਂ ਵਿਖੇ ਨਾਮ ਗੁਰਮੰਤ੍ਰਨੀ ਰੀਤ ਵਿਖੇ ਪੈ ਗਿਆ।

ਬਹੁਤਾ ਵਿਸਥਾਰ ਵਿਚ ਪੈਣ ਦੀ ਲੋੜ ਨਹੀਂ, ਗੁਰਵਾਕਾਂ ਦੀ ਕਸੌਟੀ ਦੁਆਰਾ ਕੀਤੀ ਪਰਖ ਤਾਂ ਇਸੇ ਸੱਚਾਈ ਤੇ ਪੁਚਾਉਂਦੀ ਹੈ ਕਿ ਇਕ ਸਿਖ ਦੇ ਗੁਰਮੰਤਰ ਦਿਤਿਆਂ ਪੂਰਨ ਗੁਰੱਤ ਕਲਾ ਨਹੀਂ ਵਰਤਦੀ। ਕੇਵਲ ਪੰਜਾਂ ਦੁਆਰਾ ਹੀ ਵਰਤਦੀ ਹੈ ਅਤੇ ਪੂਰਨ ਗੁਰੂ ਕਲਾ ਵਰਤੇ ਬਿਹੂਣ ਨਾਮ ਗੁਰਮੰਤਰ ਸਰਬ ਕਲਾ ਸੰਪੂਰਨ ਸਹਾਈ ਅਤੇ ਫਲ-ਪ੍ਰਦਾਈ ਨਹੀਂ ਹੁੰਦਾ, ਅਤੇ ਇਹ ਕਲਾ ਪੂਰਨ ਗੁਰੂ ਦੁਆਰਾ ਪ੍ਰਾਪਤ ਹੋਏ ਨਾਮ ਦੇ ਪ੍ਰਤਾਪ ਕਰਿ ਹੀ ਵਰਤਦੀ ਹੈ।

"ਗੁਰਮਤਿ ਨਾਮ ਅਭਿਆਸ ਕਮਾਈ" ਪੁਸਤਕ ਵਿਚੋਂ



www.AKJ.Org

# ਅਉਲ-ਮਉਲ ਭਾਈ ਸਰਵਣ ਸਿੰਘ ਜੀ ਫਲਵਾਲ

## ਸਹਿਨਸ਼ੀਲਤਾ ਤੇ ਸੂਰਬੀਰਤਾ

[ਵਲੋਂ—ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

**ਅੰਬਾਲੇ ਸਟੇਸ਼ਨ ਦਾ ਕੌਤਕ—**

ਇਕ ਵਾਰ ਦਾ ਜ਼ਿਕਰ ਹੈ ਕਿ ਅਸੀਂ ਸਾਰੇ ਜਥੇ ਸਮੇਤ, ਸਣੇ ਭਾਈ ਸਰਵਣ ਸਿੰਘ ਜੀ ਦੇ, ਅੰਬਾਲੇ ਛਾਉਣੀ ਨੂੰ ਸ੍ਰੀ ਬਾਬੂ ਮੱਲ ਸਿੰਘ ਅਤੇ ਪਿਆਰਾ ਸਿੰਘ ਜੀ ਦੇ ਪਿਆਰੇ ਪਿਆਰੇ ਦਰਸ਼ਨਾਂ ਨੂੰ ਜਾ ਰਹੇ ਸਾਂ। ਓਦੋਂ ਇਹ ਦੋਵੇਂ ਸਜਣ ਫੌਜ ਵਿਚ ਮੁਲਾਜ਼ਮ ਹੋਇਆ ਕਰਦੇ ਸਨ। ਇਨ੍ਹਾਂ ਦੀਆਂ ਫੌਜਾਂ ਨੇ ਬਦਲ ਕੇ ਕਿਸੇ ਹੋਰ ਦੂਰ-ਦੁਰੇਡੇ ਛਾਉਣੀ ਤੇ ਚਲੇ ਜਾਣਾ ਸੀ, ਇਸ ਲਈ ਅਸੀਂ ਉਨ੍ਹਾਂ ਦੇ ਚਲਣ ਤੋਂ ਪਹਿਲਾਂ ਮੁਲਾਕਾਤ ਕਰਨ ਲਈ ਅੰਬਾਲੇ ਛਾਉਣੀ ਆ ਰਹੇ ਸਾਂ।

ਅੰਬਾਲੇ ਦੇ ਸਟੇਸ਼ਨ ਤੇ ਪੁਜੇ ਤਾਂ ਉਥੇ ਹੋਰ ਬਹੁਤ ਸਾਰੇ ਸਜਣ ਤਾਂ ਹੋਰ ਰੁਝਣੀ ਰੁਝ ਗਏ। ਭਾਈ ਸਰਵਣ ਸਿੰਘ ਜੀ ਇਕੱਲੇ ਸਮਾਧ-ਸਥਿਤ ਖਲੋਤੇ ਹੀ ਰਹਿ ਗਏ। ਅਤੇ ਇਕ ਐਸੀ ਜਗ੍ਹਾ ਉਨ੍ਹਾਂ ਦੀ ਖਲੋਤਿਆਂ ਦੀ ਸਮਾਧੀ ਲਗ ਗਈ, ਜਿਥੇ ਕਿ ਰੇਲ ਗੱਡੀ ਆਈ ਤੇ ਟਿਕਟ ਬਟਿਆ ਕਰਦੇ ਸਨ। ਜਦੋਂ ਉਹ ਖਲੋਤੇ ਸੀ ਓਦੋਂ ਟਿਕਟ ਨਹੀਂ ਬਟਦੇ ਸੀ। ਓਥੇ ਕੋਈ ਆਦਮੀ ਵੀ ਨਹੀਂ ਸੀ। ਅਸੀਂ ਜ਼ਰਾ ਕੁ ਦੁਰੇਡੇ ਛਾਉਣੀ ਨੂੰ ਪੈਦਲ ਜਾਣ ਲਈ ਤਿਆਰੀ ਵਿਚ ਰੁਝੇ ਹੋਏ ਸਾਂ।

ਇਤਨੇ ਨੂੰ ਗੱਡੀ ਕਿਸੇ ਪਾਸਿਓਂ ਆ ਗਈ, ਅਤੇ ਟਿਕਟ ਬਟਣ ਲਗ ਪਏ। ਟਿਕਟ ਬਟਣ ਵਾਲੀ ਤਾਕੀ ਦੇ ਪਾਸ ਖਾਸਾ ਇਕੱਠ ਹੋ ਗਿਆ, ਟਿਕਟ ਖਰੀਦਣ ਵਾਲਿਆਂ ਦਾ। ਪੁਲਸ ਦਾ ਇਕ ਹੱਟਾ ਕੱਟਾ ਸਿਪਾਹੀ ਆਪਣੀ ਡਿਊਟੀ ਤੇ ਉਥੇ ਆ ਗਿਆ। ਪਰ ਭਾਈ ਸਰਵਣ ਸਿੰਘ ਜੀ ਨੂੰ ਕੋਈ ਪਤਾ ਨਹੀਂ ਕਿ ਕੌਣ ਆਇਆ ਹੈ, ਕੌਣ ਗਿਆ ਹੈ। ਉਹ ਸਮਾਧ-ਸਥਿਤ ਹੀ ਇਕੋ ਜਗ੍ਹਾ ਟਿਕੇ ਖਲੋਤੇ ਰਹੇ। ਪੁਲਸ ਦੇ ਸਿਪਾਹੀ ਨੇ ਬੁੱਤ ਵਾਂਗ ਅਹਿਲ ਖੜੋਤੇ ਭਾਈ ਸਰਵਣ ਸਿੰਘ ਜੀ ਨੂੰ ਦੋ ਚਾਰ ਵਾਰ ਹਲੂਣਿਆ ਅਤੇ ਬੁਲਾਇਆ, ਪਰ ਉਹ ਬੋਲੇ ਕੁਸਕੇ ਨਹੀਂ। ਕਰੋਧ-ਆਤਰ ਹੋ ਕੇ ਸਿਪਾਹੀ ਨੇ ਬੜੇ ਜ਼ੋਰ ਨਾਲ ਵੱਟ ਕੇ ਚਪੇੜ ਮਾਰੀ, ਭਾਈ ਜੀ ਦੇ ਮੁਖਾਰਬਿੰਦ ਤੇ। ਭਾਈ ਸਰਵਣ ਸਿੰਘ ਜੀ ਦੀ ਜਦ ਅੱਖ ਉਘੜੀ ਤਾਂ ਸਿਪਾਹੀ ਨੇ ਡਾਂਟ ਕੇ ਆਖਿਆ, "ਤੈਨੂੰ ਪਤਾ ਨਹੀਂ ਕਿ ਏਥੇ ਟਿਕਟ ਬਟਦੇ ਹਨ? ਤੈਨੂੰ ਕਈ ਵਾਰ ਬੁਲਾਇਆ ਅਤੇ ਕਿਹਾ ਹੈ ਕਿ ਇਥੇ ਟਿਕਟ ਬਟਦੇ ਹਨ, ਇਸ ਜਗ੍ਹਾ ਖਲੋਣ ਦਾ ਹੁਕਮ ਨਹੀਂ। ਹੁਣ ਚਪੇੜ ਮਾਰੀ ਤੇ ਸੁਚੇਤ ਹੋਇਆ ਹੀ ਹੈਂ, ਜੇ ਪਹਿਲੇ ਹੀ ਹੋ ਜਾਂਦਾ?"

ਦੇਖੋ, ਅਗੇ ਕੀ ਕੌਤਕ ਵਰਤਦਾ ਹੈ। ਭਾਈ ਸਰਵਣ ਸਿੰਘ ਜੀ ਨੂੰ ਇਸ ਚਪੇੜ ਮਾਰੀ ਦਾ ਰੰਚਕ ਭੀ ਰੋਸ-ਗੁੱਸਾ ਨਹੀਂ ਆਇਆ, ਉਲਟੇ ਉਸ ਸਿਪਾਹੀ ਦੇ ਧੜੰਮ ਦੇ ਕੇ ਪੈਰਾਂ ਤੇ ਡਿਗ ਪਏ ਅਤੇ ਆਖਿਆ, "ਭਾਈ! ਮੈਥੋਂ ਭੁਲ ਹੋ ਗਈ ਹੈ।"

ਭਾਈ ਸਰਵਣ ਸਿੰਘ ਜੀ ਸਿਪਾਹੀ ਦੇ ਪੈਰਾਂ ਤੇ ਡਿਗੇ ਹੀ ਸਨ ਕਿ ਉਨ੍ਹਾਂ ਦੇ ਪੈਰੀਂ ਪੈਣ ਸਾਰ, ਸਿਪਾਹੀ ਤਾਂ ਛਪਾਲ ਪਿਛਲ ਪੈਰੀਂ ਖੜਾ ਹੀ ਧੜੰਮ ਦੇ ਕੇ ਜ਼ਮੀਨ ਤੇ ਜਾ ਡਿਗਿਆ। ਉਸ (ਸਿਪਾਹੀ) ਦੀਆਂ ਆਪ-ਮੁਹਾਰੀਆਂ ਕਿਲਕਾਰੀਆਂ ਨਿਕਲ ਗਈਆਂ ਅਤੇ ਦੁਹਾਈਆਂ ਦੇਣ ਲਗਾ, "ਬਹੁੜੀ ਓ ਲੋਕੋ, ਮੈਨੂੰ ਇਸ ਸਿਖ ਤੋਂ ਬਖਸ਼ਾ ਲਵੋ।"

ਸਿਪਾਹੀ ਦੀਆਂ ਦੁਹਾਈਆਂ ਕਿਲਕਾਰੀਆਂ ਸੁਣ ਕੇ ਉਸ ਜਗ੍ਹਾ ਤੇ ਤਕੜਾ ਇਕੱਠ ਹੋ ਗਿਆ। ਅਸੀਂ ਭੀ ਉਥੇ ਆ ਗਏ। ਜ਼ਮੀਨ ਤੇ ਬਿਹਬਲ ਹੋਏ ਲਿਟਦੇ ਸਿਪਾਹੀ ਤੋਂ ਪੁਛਿਆ, "ਤੈਨੂੰ ਕੀ ਹੋਇਆ



www.AKJ.Org

ਹੈ?" ਸਿਪਾਹੀ ਕਹਿਣ ਲਗਾ, "ਮੈਨੂੰ ਇਸ ਸਿਖ ਨੇ ਮਾਰ ਛਡਿਆ ਹੈ।" ਅਸੀਂ ਕਿਹਾ, "ਤੈਨੂੰ ਇਸ ਕੀ ਮਾਰਿਆ ਹੈ?" ਸਿਪਾਹੀ ਨੇ ਕਿਹਾ, "ਮਾਰਿਆ ਨਹੀਂ, ਮੇਰਾ ਕੁਛ ਛਡਿਆ ਹੀ ਨਹੀਂ। ਮੇਰੇ ਪੈਰਾਂ ਤੇ ਡਿਗ ਕੇ ਇਸ ਸਿਖ ਨੇ ਮੇਰੀ ਸਾਰੀ ਕਲਾ ਸੂਤ ਲਈ। ਖ਼ਬਰ ਨਹੀਂ ਮੈਨੂੰ ਇਸ ਨੇ ਕੀ ਕਰ ਦਿਤਾ ਹੈ! ਹੁਣ ਮੈਂ ਬਚਦਾ ਤਾਂ ਹਾਂ ਜੇ ਇਸ ਤੋਂ ਬਖਸ਼ਾ ਦਿਓ।" ਸਾਰੀ ਗੱਲ ਜਦ ਉਸ ਸਿਪਾਹੀ ਨੇ ਦਸੀ ਕਿ ਮੈਂ ਇਸ ਸਿਖ ਦੇ ਚਪੇੜ ਵੱਟ ਕੇ ਮਾਰੀ ਸੀ ਅਤੇ ਇਹ ਪੈਰੀਂ ਪੈ ਗਿਆ। ਮੈਨੂੰ ਪਤਾ ਨਹੀਂ ਸੀ ਕਿ ਇਹ ਰੱਬੀ ਰੰਗਾਂ ਵਿਚ ਖੜੇ ਹਨ।

ਉਥੇ ਇਕ ਈਸਾਈ ਖੜਾ ਸੀ। ਉਹ ਇਹ ਵਾਰਤਾ ਸੁਣ ਕੇ ਇਉਂ ਭਾਂਖ ਉਠਿਆ, "ਕਮਾਲ ਹੋ ਗਈ! ਸਾਡੇ ਹਜ਼ਰਤ ਈਸਾ ਮਸੀਹ ਨੇ ਤਾਂ ਸਾਨੂੰ ਇਉਂ ਉਪਦੇਸ਼ ਦਿਤਾ ਹੈ, 'ਹੇ ਈਸਾਈ, ਜੇ ਤੇਰੀ ਇਕ ਗਲ੍ਹ ਤੇ ਕੋਈ ਚਪੇੜ ਮਾਰੇ ਤਾਂ ਤੂੰ ਦੂਜੀ ਗਲ੍ਹ ਵੀ ਅਗਾਂਹ ਕਰ ਦੇਹ, ਕਿ ਹੋਰ ਮਾਰ ਲੈ।' ਇਹ ਸ਼ਿਖ ਤਾਂ ਚਪੇੜ ਮਾਰਨ ਵਾਲੇ ਦੇ ਉਲਟਾ ਪੈਰੀਂ ਪੈ ਗਿਆ ਹੈ। ਇਸ ਤੋਂ ਵਧ ਹੋਰ ਕਮਾਲ ਕੀ ਹੋ ਸਕਦਾ ਹੈ!" ਦਾਸ ਨੇ ਉਸ ਈਸਾਈ ਸਜਣ ਦੇ ਸਾਹਵੇਂ ਮੁਖ਼ਾਤਬ ਹੋ ਕੇ ਉਸ ਨੂੰ ਇਹ ਦਸਿਆ ਕਿ ਅਸਾਡੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਹੁਕਮ ਹੈ ਕਿ–

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥ ੭ ॥ *

ਤਿਸ ਪਰ ਪਾਸ ਖਲੋਤਾ ਇਕ ਆਰੀਆ ਮਹਾਸ਼ਾ ਇਉਂ ਝੁੰਝਲਾ ਉਠਿਆ, "ਇਸ ਸਿਖ ਨੇ ਡਰ ਦੇ ਮਾਰੇ ਨੇ ਸਿਪਾਹੀ ਦੇ ਪੈਰ ਫੜੇ ਹਨ। ਇਸ ਨੂੰ ਚਾਹੀਦਾ ਸੀ ਕਿ ਸਿਪਾਹੀ ਨੂੰ ਅਗੋਂ ਸੋਧਦਾ, ਪਰ ਇਹ ਕਮਜ਼ੋਰੀ ਸੀ। ਕਮਜ਼ੋਰੀ ਦੇ ਕਾਰਨ ਉਸ ਦੇ ਅਗੇ ਹੀਣਾ-ਝੀਣਾ ਹੋ ਗਿਆ।" ਅਸੀਂ ਆਖਿਆ, "ਏਵੇਂ ਹੀ ਸਹੀ–ਤੇਰੀ ਅਕਲ ਏਵੇਂ ਹੀ ਕੰਮ ਕਰਦੀ ਹੈ। ਅਸੀਂ ਤੇਰੇ ਨਾਲ ਝਗੜਨਾ ਥੋੜਾ ਹੈ।"

ਇਹ ਗੱਲ ਕਹਿ ਕੇ (ਸਾਰਾ ਜਥਾ) ਭਾਈ ਸਰਵਣ ਜੀ ਨੂੰ ਨਾਲ ਲੈ ਕੇ ਅੰਬਾਲਾ ਛਾਉਣੀ ਦੇ ਰਸਤੇ ਵਲ ਤੁਰ ਪਏ। ਗੁਰੂ ਦੀ ਨੇਤ ਐਸੀ ਹੋਈ ਕਿ ਉਸ ਆਸ਼ਾ ਜਨ ਨੇ ਭੀ ਸਦਰ ਬਜ਼ਾਰ ਛਾਉਣੀ ਜਾਣਾ ਸੀ। ਉਹ ਵੀ ਸਾਡੇ ਨਾਲ ਹੋ ਗਿਆ। ਰਸਤੇ ਵਿਚ ਜਾਂਦੇ ਜਾਂਦੇ ਅਧਵਾਟੇ ਰਹਿਰਾਸ ਸਾਹਿਬ ਦੇ ਪਾਠ ਦਾ ਸਮਾਂ ਹੋ ਗਿਆ। ਪਾਸ ਹੀ ਕੂਆਂ ਸੀ। ਉਥੇ ਹੀ ਪੰਜ-ਇਸ਼ਨਾਨਾ ਕਰ ਕੇ ਰਹਿਰਾਸ ਸਾਹਿਬ ਦਾ ਪਾਠ ਕਰ ਕੇ ਅਗੇ ਜਾਣਾ ਮਿਥਿਆ। ਅਸੀਂ ਮੈਦਾਨ ਵੀ ਜਾਣਾ ਸੀ। ਪਾਸ ਹੀ ਇਕ ਗੂੜ੍ਹੇ ਬ੍ਰਿਛਾਂ ਦੀ ਝਿੜੀ ਸੀ।

**ਮੈਂ ਤੇ ਭਾਈ ਸਰਵਣ ਸਿੰਘ ਜੀ ਉਸ ਝਿੜੀ ਵਿਚ** ਮੈਦਾਨ ਹੋਣ ਲਈ ਗਏ। ਭਾਈ ਜੀ ਤਾਂ ਧੁਸਦੇ ਧੁਸਦੇ ਅਗਾਂਹ ਦੁਰੇਡੇ ਚਲੇ ਗਏ। ਮੈਂ ਉਰੇਡੇ ਹੀ ਰਹਿ ਗਿਆ ਅਤੇ ਮੈਦਾਨ ਹੋਣ ਬਹਿ ਗਿਆ। ਮੈਦਾਨ ਹੋ ਕੇ ਅਜੇ ਹੱਥ ਹੀ ਧੋਤੇ ਸਨ ਕਿ ਇਕ ਅਬਲਾ ਦੇ ਰੋਣ ਦੀ ਅਤੇ ਚੀਖ-ਪੁਕਾਰ ਕਰਨ ਦੀ ਅਵਾਜ਼ ਕੰਨੀਂ ਪਈ। ਭਾਈ ਜੀ ਉਸ ਅਵਾਜ਼-ਅਸਥਾਨ ਦੇ ਨੇੜੇ ਹੀ ਢੁਕ ਚੁਕੇ ਸਨ। ਉਕਤ ਚੀਖ਼-ਪੁਕਾਰਨੀ ਅਵਾਜ਼ ਸੁਣ ਕੇ ਉਹ ਝਟ ਹੀ ਓਥੇ ਪਹੁੰਚ ਗਏ, ਇਕੱਲੇ ਹੀ। ਅਗੇ ਕੀ ਦੇਖਦੇ ਹਨ ਕਿ ਚਾਰ ਮੁਸ਼ਟੰਡੇ ਸ਼ਰਾਬੀ ਗੋਰੇ ਸਿਪਾਹੀ ਇਕ ਲਕੜਹਾਰੀ (ਲਕੜਾਂ ਚੁਣਨ ਵਾਲੀ) ਲੜਕੀ ਨੂੰ ਉਸ ਦੀ ਇਜ਼ਤ ਖ਼ਰਾਬ ਕਰਨ ਲਈ, ਉਸ ਨੂੰ ਦਬਾਈ ਪਏ ਹਨ। ਭਾਈ ਸਰਵਣ ਸਿੰਘ ਜੀ ਨੇ ਹੀਲ ਹੁਜਤ ਕੀਤੇ ਬਿਨਾਂ ਹੀ ਉਨ੍ਹਾਂ ਚੋਹਾਂ ਸਿਪਾਹੀਆਂ ਪਾਸੋਂ 'ਬਲਮ' ਖੋਹ ਲਏ ਅਤੇ ਉਨ੍ਹਾਂ ਚੋਹਾਂ ਸਿਪਾਹੀਆਂ ਨੂੰ ਐਸਾ ਕੁਟਿਆ ਕਿ ਕੁਟ ਕੁਟ ਕੇ ਲੰਮੇ ਪਾ ਦਿਤੇ ਅਤੇ ਨਰੜ ਕੇ ਲਾਗੇ ਖੜੇ ਇਕ ਟਾਂਗੇ ਤੇ ਲਦ ਦਿਤੇ, ਜਿਸ ਟਾਂਗੇ ਤੇ ਉਹ ਆਏ ਸਨ।

ਇਤਨੇ ਨੂੰ ਮੈਂ ਭੀ ਇਥੇ ਪਹੁੰਚ ਗਿਆ। ਇਹ ਨਜ਼ਾਰਾ ਦੇਖ ਕੇ ਮੈਂ ਪਿਛਲੇ ਸਾਰਿਆਂ ਸਜਣਾਂ ਨੂੰ

*ਸਲੋਕ ਸ਼ੇਖ ਫਰੀਦ ਜੀ, ਪੰਨਾ ੧੩੭੮



www.AKJ.Org

ਅਵਾਜ਼ਾਂ ਦੇ ਕੇ ਨਾਲ ਬੁਲਾ ਲਿਆ। ਉਹ ਮਹਾਸ਼ਾ ਗਣ ਵੀ ਨਾਲ ਹੀ ਆਇਆ। ਅਸੀਂ ਮਹਾਸ਼ਾ ਗਣ ਨੂੰ ਇਹ ਨਜ਼ਾਰਾ ਦਿਖਾਇਆ ਕਿ ਦੇਖੋ ਸਵਾ ਲਖ ਸੂਰਮੇ ਦਾ ਇਹ ਕਰਤੱਵ ! ਜਿਥੇ ਇਸ ਨੂੰ ਆਪਣੇ ਮੂੰਹ ਤੇ ਇਕ ਚਪੇੜ ਲਗੀ ਸੀ ਸਿਪਾਹੀ ਵਲੋਂ, ਉਥੇ ਤਾਂ ਸਹਿਨਸ਼ੀਲਤਾ ਦਾ ਉਹ ਧੁਰਵਾ ਬੰਨ੍ਹਿਆ, ਜਿਸ ਨੂੰ ਦੇਖ ਕੇ ਇਕ ਈਸਾਈ ਅਸ਼ ਅਸ਼ ਕਰਦਾ ਸੀ। ਪਰ ਹੁਣ ਏਥੇ ਇਕ ਅਬਲਾ ਦੇ ਉਪਕਾਰ-ਬਚਾਉ ਦੀ ਔਖੀ ਘੜੀ ਦੇਖ ਕੇ ਇਸ ਸਿਖ ਦੇ ਅੰਦਰ ਓਹ ਬਲ-ਬੀਰਤਾ ਸੰਪੂਰਤ ਹੋਈ ਕਿ ਇਕੱਲੇ ਨੇ ਹੀ ਇਨ੍ਹਾਂ ਚਵ੍ਹਾਂ ਹੱਟੇ ਕੱਟੇ ਗੋਰੇ ਸਿਪਾਹੀਆਂ ਨੂੰ ਮਾਰ ਕੁਟ ਕੇ ਟਾਂਗੇ ਤੇ ਨੂੜ ਛਡਿਆ ਹੈ।

ਬਸ, ਇਤਨੀ ਗੱਲ ਉਸ ਮਹਾਸ਼ਾ ਨੂੰ ਕਹਿਣ ਦੀ ਦੇਰ ਹੀ ਸੀ ਕਿ ਉਹ ਮਹਾਸ਼ਾ ਜ਼ਾਰੋ ਜ਼ਾਰ ਰੋਣ ਲਗ ਪਿਆ ਅਤੇ ਪੁਕਾਰਨ ਲਗਾ, "ਖਾਲਸਾ ਜੀ ! ਮੈਨੂੰ ਬਖਸ਼ੋ। ਮੈਨੂੰ ਇਕ ਸਿਖ ਦੀ ਸਹਿਨਸ਼ੀਲਤਾ ਅਤੇ ਸੂਰ-ਬੀਰਤਾ ਦੇ ਵਖੋ ਵਖ ਜੁਸਿਆਂ ਦਾ ਉੱਕਾ ਹੀ ਪਤਾ ਨਹੀਂ ਸੀ। ਹੁਣ ਪਤਾ ਲਗ ਗਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘ ਸਰਬ-ਗੁਣਾਂ-ਸੰਪੂਰਨ ਹੁੰਦੇ ਹਨ। ਸਹਿਨਸ਼ੀਲਤਾ ਅਤੇ ਸ਼ਾਂਤੀ ਦੀ ਹੱਦ ਵੀ ਇਸ ਨੇ ਟਪਾ ਦਿਤੀ ਤੇ ਸੂਰਬੀਰਤਾ ਦੀ ਵੀ ਹੱਦ ਮੁਕ ਗਈ।"

ਅਸੀਂ ਉਸ ਮਹਾਸ਼ੇ ਨਾਲ ਇਧਰ ਇਹ ਗੱਲ ਕਰ ਰਹੇ ਸੀ, ਓਧਰ ਨਰੜੇ ਹੋਏ ਗੋਰੇ, ਟਾਂਗੇ ਤੇ ਪਏ ਹੋਏ ਇਉਂ ਚਿਲਾਅ ਰਹੇ ਸਨ, "ਸਾਹਿਬਾਨ, ਹਮ ਕੋ ਛੁਡਾਓ। ਹਮ ਐਸੀ ਹਰਕਤ ਆਗੇ ਸੇ ਨਹੀਂ ਕਰੇਂਗੇ। ਹਮ ਕੋ ਕਿਉਂ ਨਰੜ ਕਰ ਬਾਂਧਾ ਹੈ। ਔਰ ਕਹਾਂ ਲੈ ਜਾਓਗੇ ?" ਅਸੀਂ ਆਖਿਆ, "ਤੁਹਾਨੂੰ ਪਕੜ ਕੇ ਤੁਹਾਡੇ ਅਫ਼ਸਰਾਂ ਦੇ ਕੋਲ ਲੈ ਜਾ ਕੇ ਤੁਹਾਨੂੰ ਸਜ਼ਾ ਦਿਵਾਵਾਂਗੇ।" ਗੋਰੇ ਬੋਲੇ, 'ਹਮ ਕੋ ਕਾਫ਼ੀ ਬਦਨੀ ਸਜ਼ਾ ਮਿਲ ਚੁਕੀ ਹੈ। ਦੇਖੋ ਸਾਡੇ ਸਰੀਰ ਸੁਜੇ ਪਏ ਹਨ, ਸੱਟਾਂ ਦੇ ਨਾਲ ਹੱਡਾਂ ਤੇ ਨੀਲ ਪਏ ਹੋਏ ਹਨ। ਹੋਰ ਸਾਨੂੰ ਕੀ ਸਜ਼ਾ ਦੇਣੀ ਹੈ। ਹੁਣ ਸਾਨੂੰ ਮਾਫ਼ ਕਰ ਦਿਓ ਅਤੇ ਪੰਜਾਹ ਦਮੜੇ ਸਾਡੇ ਪਾਸੋਂ ਲੈ ਲਵੋ।" ਅਸੀਂ ਕਿਹਾ ਕਿ ਮਾਫ਼ੀ ਇਸ ਗਰੀਬ ਤੋਂ ਮੰਗੋ, ਅਤੇ ਇਹ ਦਮੜੇ ਵੀ ਇਸ ਨੂੰ ਦਿਓ ਅਤੇ ਅਗੇ ਲਈ ਤੋਬਾ ਕਰੋ ਕਿ ਐਸਾ ਅਨਰਥ ਨਹੀਂ ਕਰਾਂਗੇ। ਇਸ ਤਰ੍ਹਾਂ ਇਥੋਂ ਛੁਟਕਾਰਾ ਪਾ ਕੇ ਅਗੇ ਤੁਰੇ, ਅਤੇ ਤੁਰੇ ਜਾਂਦਿਆਂ ਹੀ ਪਾਠ ਕੀਤਾ।

ਭਾਈ ਸਰਵਣ ਸਿੰਘ ਜੀ ਦੀ ਨਮੂਨੇ ਮਾਤਰ ਇਹ ਮਸਾਲ ਪੇਸ਼ ਕੀਤੀ ਗਈ ਹੈ। ਇਹ ਜਜ਼ਬਾ ਨਾਮ-ਅਭਿਆਸੀ ਜਨਾਂ ਵਿਚ ਕੁਟ ਕੁਟ ਕੇ ਭਰਿਆ ਹੋਇਆ ਹੁੰਦਾ ਹੈ।

(੨)

ਭਾਈ ਸਰਵਣ ਸਿੰਘ ਜੀ ਦਾ ਜੀਵਨ ਇਕ ਅਲੌਕਿਕ ਸਿਖੀ ਜੀਵਨ ਹੋ ਗੁਜ਼ਰਿਆ ਹੈ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡਪਾਠੀ ਵੀ ਸਨ। ਲਗਾਤਾਰ ਸਤ ਸਤ ਘੰਟੇ ਪਾਠ ਕਰੀ ਜਾਣਾ ਅਤੇ ਪੰਚਮ ਸੁਰ ਦੀ ਉਚੀ ਧੁਨ ਵਿਚ ਪਾਠ ਕਰਨਾ। ਉਨ੍ਹਾਂ ਦਾ ਪਾਠ ਪਿੰਡ ਵਿਚ ਬੜੀ ਦੂਰ ਦੂਰ ਤਾਈਂ ਸੁਣਿਆ ਜਾਂਦਾ ਸੀ। ਲਾਊਡ ਸਪੀਕਰ ਇਸ ਧੁਨੀ ਦੇ ਨਜ਼ਦੀਕ ਕਿਆ ਚੀਜ਼ ਹਨ। ਓਦੋਂ ਲਾਊਡ ਸਪੀਕਰ ਹੈ ਭੀ ਨਹੀਂ ਸਨ। ਉਨ੍ਹਾਂ ਦੇ ਅਖੰਡਪਾਠ ਦੇ ਵੇਗ ਦੀ ਇਕ ਵਿਸਮਾਦ-ਜਨਕ ਅਲੌਕਿਕਤਾ ਇਹ ਹੈਸੀ ਕਿ ਮੁਖਾਰਬਿੰਦ ਤੋਂ ਸਾਰੇ ਜ਼ੋਰ ਨਾਲ ਬੈਖਰੀ ਬਾਣੀ ਦਵਾਰਾ ਰਸਨਾ ਰਾਹੀਂ ਅਖੰਡਪਾਠ ਉਚੀ ਧੁਨੀ ਵਿਚ ਕਰਨਾ ਅਤੇ ਨਾਲ ਦੇ ਨਾਲ ਹੀ ਸਵਾਸ ਅਭਿਆਸੀ ਸ਼ਬਦ ਸੁਰਤਾਸੀ ਨਾਮ ਦਾ ਖੰਡਾ ਭੀ ਖੜਕਾਈ ਚਲੇ ਜਾਣਾ। ਇਸ ਅਲੌਕਿਕ ਕਲਾ ਦੇ ਪ੍ਰਤਾਪ ਕਰਕੇ ਨਾਭੀ ਵਿਚ ਸਵਾਸ ਦਬਾ ਕੇ ਇਕੋ ਸਾਹੇ ਦੋ ਦੋ ਪਤਰੇ ਪਾਠ ਕਰੀ ਜਾਣੇ। ਉਸ ਸਮੇਂ ਉਨ੍ਹਾਂ ਦੇ ਨੂਰਾਨੀ ਚੇਹਰੇ ਤੇ ਓਹ ਕਮਾਲ ਜਮਾਲੀ ਜਲਾਲ ਆਉਣਾ, ਜਿਸ ਨੂੰ ਦੇਖਣ ਵਾਲੇ ਦੰਗ ਰਹਿ ਜਾਂਦੇ ਸਨ।

ਉਨ੍ਹਾਂ ਦੀ ਜਲਾਲ ਮਸਤ ਰੰਗ ਚਲੂਲੀ ਆਤਮ-ਅਵਸਥਾ ਉਨ੍ਹਾਂ ਨੂੰ ਅਜਿਹਾ ਹਾਲੋਂ ਬੇਹਾਲ ਕਰ



www.AKJ.Org

ਦਿੰਦੀ ਸੀ ਕਿ ਉਨ੍ਹਾਂ ਨੂੰ ਆਪਣੇ ਸਰੀਰ ਦੀ ਸੁਧ ਬੁਧ ਭੁਲ ਜਾਣੀ। ਏਸ ਕਮਲੀ ਰਮਲੀ ਦਸ਼ਾ ਵਿਚ ਦੇਖ ਕੇ ਉਨ੍ਹਾਂ ਦੇ ਨਿਕਟ ਕੁਟੰਬੀਆਂ ਨੂੰ ਇਕ ਵਾਰ ਇਹ ਵਹਿਮ ਹੋ ਗਿਆ ਕਿ ਭਾਈ ਸਰਵਣ ਸਿੰਘ ਜੀ ਪਾਗਲ ਹੋ ਗਏ ਹਨ। ਇਉਂ ਅਤੇ ਇਸ ਪ੍ਰਕਾਰ ਦੇ ਵਹਿਮਾਂ ਵਿਚ ਆ ਕੇ ਮੂਰਖ ਮੱਤ ਵਾਲਿਆਂ ਸੰਸਾਰੀ ਸੰਬੰਧੀਆਂ ਨੇ ਭਾਈ ਜੀ ਨੂੰ ਇਕ ਤਕੜੇ ਮੋਟੇ ਸੰਗਲ ਨਾਲ ਨਰੜ ਕੇ ਥੰਮ ਨਾਲ ਬੰਨ੍ਹ ਦਿਤਾ। ਅਠ ਪਹਿਰ ਬੰਨ੍ਹੀ ਰਖਿਆ। ਸਿੰਘ ਹਮੈਤੀ ਉਨ੍ਹਾਂ ਦੇ ਨੇੜੇ ਕੋਈ ਹੈ ਨਹੀਂ ਸੀ। ਸਿਆਲ ਦਾ ਮੌਸਮ ਸੀ। ਤਕੜਾ ਬੁਖ਼ਾਰ ਵੀ ਕੋਈ ੧੦੬ ਡਿਗਰੀ ਦਾ ਆ ਕੇ ਸੇਵਾ ਕਰਨ ਲਗ ਪਿਆ। ਏਸ ਦਸ਼ਾ ਵਿਚ ਵੀ ਉਹ ਘਬਰਾਏ ਨਹੀਂ, ਆਪਣੇ ਇਸ਼ਕ-ਮਸਤੇਵੇਂ ਵਿਚ ਆ ਕੇ ਉਚੀ ਉਚੀ ਸ਼ਬਦ ਪੜ੍ਹਨ ਲਗੇ। ਅੰਮ੍ਰਿਤ ਵੇਲੇ ਦਾ ਵਕਤ ਹੈ। ਭਾਈ ਜੀ ਥੰਮ ਨਾਲ ਨਰੜੇ ਹੋਏ, ਸੰਗਲਾਂ ਵਿਚ ਜਕੜੇ ਹੋਏ, ਉਚੀ ਧੁਨੀ ਵਿਚ ਸ੍ਰੀ ਦਸਮੇਸ਼ ਜੀ ਦਾ ਧਿਆਨ ਧਰ ਕੇ ਇਹ ਸ਼ਬਦ ਅਲਾਪ ਰਹੇ ਹਨ :—

ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥
ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥੧॥
ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥
ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥੧॥ਰਹਾਉ॥
ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ ॥
ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ ॥੨॥
ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ ॥
ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ ॥੩॥
ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥
ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥੪॥

(ਬਾਣੀ ਸਧਨੇ ਕੀ, ਬਿਲਾਵਲੁ, ਪੰਨਾ ੮੫੮

"ਅਉਸਰ ਲਜਾ ਰਾਖਿ ਲੇਹੁ" ਦੀ ਤੁਕ ਬਾਰ ਬਾਰ ਪੜ੍ਹਦੇ ਪੜ੍ਹਦੇ ਮੂਰਛਤ ਹੋ ਗਏ। ਪਿੰਡ ਦੇ ਕੋਠਿਆਂ ਉਪਰ ਦੀ ਸਿਰ-ਪਟ ਦੌੜੇ ਆਉਂਦੇ ਘੋੜੇ ਦੀਆਂ ਕੜਕਾਟ ਟਾਪਾਂ ਪਿੰਡ ਵਾਲਿਆਂ ਨੇ ਸੁਣੀਆਂ। ਕਈਆਂ ਕੋਠਿਆਂ ਦੀਆਂ ਛੱਤਾਂ ਡਿਗ ਪਈਆਂ। ਓਧਰ ਭਾਈ ਸਰਵਣ ਸਿੰਘ ਜੀ ਦੇ ਸੰਗਲ ਟੁਟ ਗਏ, ਬੁਖ਼ਾਰ ਲੱਥ ਗਿਆ। ਸ੍ਰੀ ਦਸਮੇਸ਼ ਜੀ ਦੇ ਬਿਸਮਾਦੀ ਦਰਸ਼ਨਾਂ ਦੀਆਂ ਝਲਕਾਂ ਪਈਆਂ, ਸਾਰੇ ਦੁਖ ਵਿਸੂਰੇ ਲਾਹ ਗਈਆਂ।

ਇਹ ਪ੍ਰਤੱਖ ਬਤੀਤਿਆ ਬ੍ਰਿਤਾਂਤ ਦਾਸ ਨੂੰ ਉਨ੍ਹਾਂ ਦੇ ਪਿੰਡ ਫਲੇਵਾਲ ਦੇ ਮਾਸਟਰ ਧਰਮ ਸਿੰਘ ਜੀ ਨੇ, ਜੋ ਖਾਲਸਾ ਹਾਈ ਸਕੂਲ ਲੁਧਿਆਣਾ ਦੇ ਰੀਟਾਇਰਡ ਹੈਡਮਾਸਟਰ ਹਨ, ਆਪਣੀ ਜ਼ਬਾਨੀ ਸੁਣਾਇਆ ਹੈ। ਗੁਜਰਵਾਲ ਦੇ ਕਈ ਮਹਾਜਨਾਂ ਨੇ ਉਸ ਸਮੇਂ ਢਾਬ ਵਲੋਂ, ਪਿੰਡ ਗੁਜਰਵਾਲ ਦੇ ਵਿਚ ਦੀ ਲੰਘਦੇ ਘੋੜੇ ਦੀਆਂ ਟਾਪਾਂ ਵੀ ਸੁਣੀਆਂ ਹਨ। ਇਕ ਵਡਭਾਗਾ ਮਹਾਜਨ ਹਰਨਾਮ ਦਾਸ ਨਾਮ ਬ੍ਰਾਹਮਣ ਇਹ ਵੀ ਦਸਿਆ ਕਰਦਾ ਸੀ ਕਿ ਨੀਲੇ ਘੋੜੇ ਦੇ ਸ਼ਾਹ-ਸਵਾਰ ਦੇ ਝਲਕਾਰਾ ਦਰਸ਼ਨ ਵੀ ਉਸ ਕੀਤੇ ਹਨ। ਗੁਰੂ ਜਾਣੇ, ਇਹ ਬ੍ਰਿਤਾਂਤ ਉਸ ਬ੍ਰਾਹਮਣ ਦਾ ਕਿਥੋਂ ਤਕ ਠੀਕ ਹੈ, ਪਰ ਇਸ ਵਿਚ ਰੰਚਕ ਸੰਦੇਹ ਨਹੀਂ ਕਿ ਸ੍ਰੀ ਸਤਿਗੁਰੂ ਸਾਹਿਬ ਜੀ ਨੇ ਉਸ ਅਵਸਰ ਤੇ ਇਹ ਕਉਤਕੀ ਚਮਤਕਾਰ ਪਰਗਟ ਪਰਹਾਰੇ ਆਸ਼ਕਾਰ ਕੀਤੇ।

ਭਾਈ ਧਰਮ ਸਿੰਘ ਜੀ ਫਲੇਵਾਲ ਦੇ ਸਿੰਘਾਂ ਵਿਚੋਂ ਜਥੇ ਦੇ ਗੁਹਜ ਰਤਨ ਗੁਰਮਤਿ ਸਰਧਾ-ਭਾਵਨੀ ਦੇ ਅਦੁੱਤੀ ਨਮੂਨੇ ਰਹੇ ਹਨ। ਇਨ੍ਹਾਂ ਦੀ ਭਾਈ ਸਰਵਣ ਸਿੰਘ ਜੀ ਪ੍ਰਤੀ ਬੜੀ ਹੀ ਸਤਿਕਾਰ-ਭਰੀ ਅੰਤ੍ਰੀਵਨੀ



www.AKJ.Org

ਸਰਧਾ ਰਹੀ ਹੈ। ਚਾਹੇ ਬਾਹਰੋਂ ਬੋਲਣ ਵਿਚ ਬੜੇ ਭੀਹਾਵਲ ਅਤੇ ਖਰ੍ਹਵੇ ਪ੍ਰਤੀਤ ਹੁੰਦੇ ਸਨ, ਪਰ ਅੰਤਰਗਤਿ "ਸਗਲ ਚਰਨ ਕੀ ਇਹੁ ਮਨੁ ਰਾਲਾ"* ਵਾਲੇ ਭਾਵ ਦੀ ਬਿਰਤੀ ਜੁਗਤੀ ਰਹੀ ਹੈ ਉਨ੍ਹਾਂ ਦੀ।

ਭਾਈ ਸਰਵਣ ਸਿੰਘ ਜੀ ਦੀ ਲਟਬਉਰੀ ਦਸ਼ਾ ਨੂੰ ਦੇਖ ਕੇ ਭਾਈ ਧਰਮ ਸਿੰਘ ਜੀ ਕਈ ਵਾਰੀ ਕੋਪ ਭੀ ਹੋ ਜਾਇਆ ਕਰਦੇ ਸਨ ਅਤੇ ਲਟਬਉਰੇ ਦੀ ਲਟਬਉਰਤਾ ਦੀਆਂ ਵਧੀਕੀਆਂ ਦੇਖ ਕੇ ਉਸ ਨੂੰ ਘੂਰ-ਧਮਕਾ ਵੀ ਲਿਆ ਕਰਦੇ ਸਨ। ਪਰ ਰੀਝਦੇ ਭੀ ਐਸੇ ਸਨ ਕਿ ਭਾਈ ਸਰਵਣ ਸਿੰਘ ਜੀ ਦੇ ਸੁਥਰਾਪਨ ਤੇ ਪਰਦਾ ਭੀ ਪਾ ਦਿੰਦੇ ਸਨ। ਕਈ ਗਲਤੀਆਂ ਦੇਖ ਕੇ ਅਣਡਿਠ ਭੀ ਕਰ ਲਿਆ ਕਰਦੇ ਸਨ, ਪਰ ਭਰੋਸਾ ਐਸਾ ਸੀ ਕਿ ਭਾਈ ਸਰਵਣ ਸਿੰਘ ਜੀ ਦੇ ਸੁਤੇ ਸੁਭਾਵ ਹੀ ਮੂੰਹ ਤੋਂ ਨਿਕਲੇ ਬਚਨਾਂ ਉਪਰ ਪੱਕਾ ਪਹਿਰਾ ਦਿਤਾ ਕਰਦੇ ਸਨ।

ਇਕ ਵਾਰ ਦਾ ਜ਼ਿਕਰ ਹੈ ਕਿ ਅਵਾਇਲ ਅਵਸਥਾ ਵਿਚ ਹੀ ਬੀ. ਏ. ਦੀ ਪੜ੍ਹਾਈ ਪੜ੍ਹਦਿਆਂ ਹੋਇਆਂ ਪੁਜ ਕੇ ਬਹੁਤੀ ਮਿਹਨਤ ਕਰਨ ਦੇ ਕਾਰਨ ਅਤੇ ਸਕੀਮੀ ਕਰਕੇ ਖੁਰਾਕ ਚੰਗੀ ਨਾ ਮਿਲਦੀ ਰਹਿਣ ਦੇ ਕਾਰਨ ਅਚਣਚੇਤ ਭਾਈ ਧਰਮ ਸਿੰਘ ਜੀ ਸਰੀਰ ਕਰਕੇ ਤਕੜੇ-ਢਿਲੇ ਹੋ ਗਏ। ਡਾਕਟਰਾਂ ਹਕੀਮਾਂ ਨੇ ਫ਼ਤਵਾ ਲਾ ਦਿਤਾ ਕਿ ਬਿਮਾਰੀ ਟੀ.ਬੀ. (ਤਪਦਿਕ) ਦੀ ਹੈ। ਭਾਈ ਧਰਮ ਸਿੰਘ ਜੀ ਨੇ ਸੁਤੇ ਸੁਭਾਵ ਹੀ **ਭਾਈ ਸਰਵਣ ਸਿੰਘ ਦੇ ਪਾਸ ਜ਼ਿਕਰ** ਕਰ ਦਿਤਾ ਕਿ ਡਾਕਟਰ ਹਕੀਮ ਟੀ.ਬੀ. ਦਾ ਫ਼ਤਵਾ ਲਾਉਂਦੇ ਹਨ। ਸਹਿਜ ਸੁਭਾਵ ਹੀ ਭਾਈ ਸਰਵਣ ਸਿੰਘ ਦੇ ਮੂੰਹੋਂ ਨਿਕਲ ਗਿਆ, "ਤੈਨੂੰ ਟੀ. ਬੀ. ਟਾਬੀ ਕੋਈ ਨਹੀਂ, ਕਹਿਣ ਵਾਲਿਆਂ ਨੂੰ ਹੋਊਗੀ।" ਇਹ ਕਹਿ ਕੇ ਮੇਰੇ ਪਾਸ ਨਾਰੰਗਵਾਲ ਭਾਈ ਸਰਵਣ ਸਿੰਘ ਜੀ ਆਏ ਤੇ ਕਹਿਣ ਲਗੇ, "ਬਾਈ! ਆਪਾਂ ਇਕ ਅਖੰਡਪਾਠ ਆਪਣੇ ਭਾਈ ਧਰਮ ਸਿੰਘ ਜੀ ਨਮਿਤ ਕਰ ਦੇਈਏ। ਸਹੁਰੇ ਡਾਕਟਰ ਹਕੀਮ ਤਪਦਿਕ ਹੋ ਜਾਣ ਦਾ ਸ਼ਕ ਭਾਈ ਧਰਮ ਸਿੰਘ ਨੂੰ ਪਾਉਂਦੇ ਹਨ।" ਅਸੀਂ ਸਾਰੇ (ਸਾਰੀ ਸੰਗਤ ਜਨ) ਹੀ ਸਹਿਮਤ ਹੋ ਗਏ। ਪਰ ਨਾਲ ਇਹ ਭੀ ਕਹਿਆ ਕਿ ਸਾਰਾ ਅਖੰਡ-ਪਾਠ ਸੁਣਨ ਲਈ ਭਾਈ ਧਰਮ ਸਿੰਘ ਜੀ ਤਤਪਰ ਹੋ ਜਾਣ। ਗੱਲ ਕੀ, ਅਖੰਡਪਾਠ ਅਰੰਭ ਹੋ ਗਿਆ ਅਤੇ ਭਾਈ ਧਰਮ ਸਿੰਘ ਜੀ ਬੜੇ ਸਿਦਕ ਨਾਲ ਸ੍ਰਵਣ ਕਰਨ ਲਈ ਚਉਕੜਾ ਮਾਰ ਬੈਠੇ, ਜਿਥੋਂ ਤਾਈਂ ਹੋ ਸਕਿਆ, ਸਾਰਾ ਪਾਠ ਸੁਣਿਆ। ਰੰਗ ਕਰਤਾਰ ਦੇ ਐਸੇ ਹੋਏ ਕਿ ਉਹ ਨੌ-ਬਰ-ਨੌ ਹੋ ਗਏ। ਓਦੋਂ ਦੇ ਹੁਣ ਤਾਈਂ ਨੌ-ਬਰ-ਨੌ ਹਨ। ਸਾਰਾ ਫਲ ਸਿਦਕ ਭਰੋਸੇ ਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਉਤੇ ਅਗਾਧ ਭਰੋਸਾ ਰਖਣ ਵਾਲਿਆਂ ਦਾ ਕਦੇ ਵਾਲ ਵਿੰਗਾ ਨਹੀਂ ਹੋਇਆ। ਖਾਸ ਕਰ ਪੜ੍ਹਿਆਂ ਲਿਖਿਆਂ ਨੌਜਵਾਨਾਂ ਵਿਚੋਂ ਇਹ ਪਹਿਲੀ ਮਿਸਾਲ ਹੈ, ਅਨਿੰਨ ਭਰੋਸੇ ਦੀ। ਬਹੁਤਾ ਇਸ ਕਰਕੇ ਕਿ ਉਹ (ਭਾਈ ਧਰਮ ਸਿੰਘ ਜੀ) ਜਥੇ ਅੰਦਰ ਅਜਿਹੀਆਂ ਖੇਡਾਂ ਵਰਤਦੀਆਂ ਦੇਖ ਚੁਕੇ ਸਨ ਅਤੇ ਉਨ੍ਹਾਂ ਨੂੰ ਭਾਈ ਸਰਵਣ ਸਿੰਘ ਜੀ ਦੇ ਅਉਲੇ-ਮਉਲੇ ਬਚਨਾਂ ਤੇ ਦ੍ਰਿੜ੍ਹ ਵਿਸ਼ਵਾਸ ਰਿਹਾ ਹੈ। ਭਾਈ ਸਰਵਣ ਸਿੰਘ ਜੀ ਦੇ ਉਚ ਗੁਰਮੁਖੀ ਜੀਵਨ ਦੇ ਅਨੇਕ ਨਿਤ ਵਰਤਦੇ ਕਉਤਕ ਉਨ੍ਹਾਂ ਦੇ ਨਿਕਟ-ਵਾਸੀ ਅੱਖੀਂ ਦੇਖ ਚੁਕੇ ਸਨ।

(੩)

ਅਜਿਹੀ ਜੀਵਨ ਵਾਲ ਜੀਵਨੀ ਦੇ ਹੁੰਦਿਆਂ ਹੋਇਆਂ ਅੰਤੀ ਅਉਸਰ ਕਈ ਖ਼ਾਮੀਆਂ ਤਰੁੱਟੀਆਂ ਭੀ ਆ ਪਈਆਂ। ਖਾਸ ਕਰ ਛਿਪੀ ਛਿਪੀ ਹੀ ਸੂਖਮ ਹਉਮੈ ਦੀ ਵਾਉ ਵਗ ਗਈ। ਬਹੁਤੀ ਸ਼ਲਾਘਾ ਹੋਣ ਕਰ ਕੇ ਇਹ ਗੁਪਤ ਰੋਗ ਸਣੇ ਸਣੇ ਉਹਨਾਂ ਦੀ ਕਰਾਂਤੀ ਵਿਚ ਆ ਘੁਸੜਿਆ। ਭਾਈ ਸਰਵਣ ਸਿੰਘ ਦੇ ਅਨਿੰਨ ਸ਼ਰਧਾਲੂਆਂ ਨੂੰ ਦਾਸ ਨੇ ਕਈ ਵਾਰ ਵੰਗਾਰ ਵੰਗਾਰ ਕੇ ਆਖਿਆ ਕਿ ਤੁਸੀਂ ਏਹਨਾਂ ਦੇ ਸਨਮੁਖ (ਮੂੰਹ ਤੇ) 'ਜੀਵਨ-ਮੁਕਤ' ਨਾ ਆਖਿਆ ਕਰੋ। ਗੁਰਮਤਿ ਅਨੁਸਾਰ ਸਨਮੁਖ ਉਸਤਤਿ ਅਤੇ ਪਿਛੇ ਨਿੰਦਾ ਕਰਨੀ

* ਆਸਾ ਮ: ੫, ਪੰਨਾ ੩੮੪



www.AKJ.Org

ਬਹੁਤ ਹੀ ਬਿਬਰਜਤ ਹੈ। ਕਹਿੰਦਿਆਂ ਕਹਿੰਦਿਆਂ ਵੀ ਨ-ਟਲਣ ਵਾਲੇ ਨਾ ਹੀ ਟਲੇ। ਜਿਸ ਦਾ ਸਿੱਟਾ ਇਹ ਹੋਇਆ ਕਿ ਸੂਖਮ ਹਉਮੈ ਭਾਈ ਸਰਵਣ ਸਿੰਘ ਜੀ ਦੇ ਅੰਦਰ ਆ ਵੜੀ ਤੇ ਇਹ ਬਿਮਾਰੀ ਓਹਨਾਂ ਦੀ ਇਕ ਦਿਨ ਹੰਭਲਾ ਮਾਰ ਕੇ ਨਸ਼ਰ ਆ ਹੋਈ।

ਅੰਬਾਲਾ ਛਾਉਣੀ ਦੇ ਗੁਰਦੁਆਰੇ ਵਿਖੇ ਸ੍ਰੀ ਆਸਾ ਦੀ ਵਾਰ ਦਾ ਅਖੰਡ ਕੀਰਤਨ ਕਈ ਦਿਨ ਹੁੰਦਾ ਰਿਹਾ। ਇਕ ਦਿਨ ਕੀਰਤਨ ਵਿਚ ਭਾਈ ਸਰਵਣ ਸਿੰਘ ਜੀ ਨਾ ਆਏ। ਆਪਣੇ ਕੁਝ ਸਾਥੀਆਂ ਨਾਲ ਉਤਾਰੇ ਵਾਲੀ ਥਾਂ ਦੇ ਸਿਖਰ ਛਤੇ ਲੰਮੇ ਪਏ ਰਹੇ। ਪਿਆਰਿਆਂ ਅਨਿੰਨ ਕੀਰਤਨੀਆਂ ਬਿਨਾਂ ਸਾਨੂੰ ਕੁਝ ਤਰੁੱਟੀ ਜਿਹੀ ਪ੍ਰਤੀਤ ਹੋਵੇ। ਸਾਡਾ ਜੀਅ ਨਾ ਲਗੇ। ਓੜਕ ਅਸੀਂ ਉਹਨਾਂ ਦੇ ਅਨਿੰਨ ਪਿਆਰੇ ਬਾਬੂ ਮੱਲ ਸਿੰਘ ਜੀ ਨੂੰ ਭੂਮ ਉਠਾਇਆ, ਕੀਰਤਨ ਮੰਡਲ ਵਿਚੋਂ, ਕਿ ਜਾਓ ਜਾ ਕੇ ਭਾਈ ਸਰਵਣ ਸਿੰਘ ਹੋਰਾਂ ਨੂੰ ਲੈ ਆਓ। ਬਾਬੂ ਮੱਲ ਸਿੰਘ ਜੀ ਨੇ ਲੰਮੇ ਪਏ ਸਰਵਣ ਸਿੰਘ ਹੋਰੀ ਜਾ ਹਲੂਣੇ ਅਤੇ ਆਖਿਆ, "ਸਾਰੀ ਸੰਗਤ ਯਾਦ ਕਰਦੀ ਹੈ ਬੇਹਬਲਤਾ ਸਹਿਤ। ਸ੍ਰੀ ਆਸਾ ਦੀ ਵਾਰ ਦੇ ਕੀਰਤਨ ਹੋ ਰਹੇ ਹਨ। ਦੀਵਾਨ ਲਗਾ ਹੋਇਆ ਹੈ। ਦੀਵਾਨ ਵਿਚ ਤੁਹਾਨੂੰ ਹਾਜ਼ਰ ਨਾ ਵੇਖ ਕੇ ਬੜੀ ਹੈਰਾਨੀ ਭਰੀ ਬਿਹਬਲਤਾ ਹੋ ਰਹੀ ਹੈ।"

ਅਗੋਂ ਆਖਣ ਲਗੇ ਭਾਈ ਸਰਵਣ ਸਿੰਘ ਜੀ ਲੰਮੇ ਪਏ ਪਏ ਹੀ (ਅੱਖੀਆਂ ਮੀਟੀਆਂ ਮਿਟਾਈਆਂ), "ਸਾਡੇ ਤਾਂ ਅੰਦਰ ਹੀ ਆਸਾ ਜੀ ਦੀ ਵਾਰ ਲਗ ਰਹੀ ਹੈ।" ਹੈਰਾਨ ਪਰੇਸ਼ਾਨ ਹੋ ਕੇ, ਬੜੇ ਭੁਚੱਕੇ ਜਿਹੇ ਵਿਚ ਹੈਰਾਨ ਹੋ ਕੇ ਬਾਬੂ ਮੱਲ ਸਿੰਘ ਜੀ ਵਾਪਸ ਮੁੜ ਆਏ। ਓਹੀ ਗੱਲ ਆਖ ਸੁਣਾਈ, ਜੋ ਭਾਈ ਸਰਵਣ ਸਿੰਘ ਦੇ ਮੂੰਹੋਂ ਨਿਕਲੀ ਸੀ। ਅਸੀਂ ਫੇਰ ਦੂਜੀ ਵਾਰ ਬਾਬੂ ਮੱਲ ਸਿੰਘ ਜੀ ਅਤੇ ਭਾਈ ਪਿਆਰਾ ਸਿੰਘ ਜੀ ਦੋਹਾਂ ਨੂੰ ਭੇਜਿਆ (ਭਾਈ ਪਿਆਰਾ ਸਿੰਘ ਜੀ ਨਾਲ ਤਾਂ ਉਹਨਾਂ ਦਾ ਬੜਾ ਹੀ ਸਤਿਕਾਰ ਭਰਿਆ ਪਿਆਰ ਸੀ)। ਓਹਨਾਂ ਦੋਹਾਂ ਪਿਆਰਿਆਂ ਨੂੰ ਭੀ ਏਵੇਂ ਹੀ ਆਖਿਆ, "ਸਾਡੇ ਤਾਂ ਅੰਦਰ ਹੀ ਵਾਰ ਲਗੀ ਹੋਈ ਹੈ। ਅੰਦਰੇ ਹੀ ਦੀਵਾਨ ਲਗਾ ਹੋਇਆ ਹੈ।" ਤਿਸ ਪਰ ਬਾਬੂ ਮੱਲ ਸਿੰਘ ਜੀ ਹੋਰਾਂ ਨੇ ਸਵਾਲ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਬਿਨਾਂ ਦੀਵਾਨ ਕਾਹਦਾ? ਇਸ ਸਵਾਲ ਕਰਨ ਪਰ ਉਸ ਦੀ ਸੂਖਮ ਹਉਮੈ ਸਥੂਲ ਰੂਪ ਧਾਰਨ ਕਰ ਕੇ ਬਾਹਰ ਭੜਕ ਉਠੀ, ਜਿਸ ਦਾ ਮੁਜੱਸਮ ਸਰੂਪ ਹੋ ਕੇ ਹਉਮੈ ਗ੍ਰਸਿਆ ਸਰਵਣ ਸਿੰਘ ਇਉਂ ਬਰੜਾ ਉਠਿਆ, ਪ੍ਰਤੱਖ ਬੋਲ ਉਠਿਆ, "ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੀ ਲੋੜ ਹੈ?" ਦੋਹਾਂ ਵੀਰਾਂ ਨੇ ਮਿਲਵੀਂ ਬੋਲੀ ਵਿਚ ਆਖਿਆ ਕਿ ਤੁਸੀਂ ਫਲੇਵਾਲ ਆਪਣੀ ਕੁਟਿਆ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਦੇ ਹੋ ਅਤੇ ਆਖਿਆ ਕਰਦੇ ਹੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਕਰਕੇ ਇਹ ਕੁਟੀਆ, ਕੁਟੀਆ ਨਹੀਂ, ਬਲਕਿ ਗੁਰਦੁਆਰਾ ਹੈ। ਫੇਰ ਤਾਂ ਇਕ-ਦਮ ਵਾਹੀ ਤਬਾਹੀ ਬਕਵਾਸ ਕਰਨ ਲਗ ਪਿਆ। ਹਉਮੈ ਦਾ ਕਮਲਾ ਹੋਇਆ (ਕਮਲਾ ਕੀਤਾ ਹੋਇਆ) ਸਰਵਣ ਸਿੰਘ ਬੋਲ ਉਠਿਆ, "ਮੇਰੇ ਭਾ ਦਾ ਦੇਹੁਰਾ ਮਸੀਤ ਤੇ ਗੁਰਦਵਾਰੇ ਇਕੋ ਜਿਹੇ ਹਨ। ਮੈਂ ਫਲੇਵਾਲ ਜਾ ਕੇ ਕੁਟੀਆ ਨੂੰ ਢਾਹ ਦੇਵਾਂਗਾ ਅਤੇ ਥੋੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਾਹਰ ਕਢ ਦੇਵਾਂਗਾ।" ਅਜਿਹੇ ਊਲ ਜਲੂਲ ਹਉਮੈ-ਜਨੂਨ ਭਰਿਆ ਬਕਵਾਸ ਸੁਣ ਕੇ ਬੜੀ ਨਫ਼ਰਤ ਖਾ ਕੇ ਦੋਈ ਸਜਣ ਵਾਪਸ ਦੀਵਾਨ ਵਿਚ ਆ ਗਏ।

ਦੀਵਾਨ ਦੀ ਸਮਾਪਤੀ ਪਰ ਉਨ੍ਹਾਂ ਨੇ ਭਰੀ ਸੰਗਤ ਵਿਚ ਬ੍ਰਿਤਾਂਤ ਦਸਿਆ ਤਾਂ ਸਾਰੀ ਸੰਗਤ ਨੇ ਇਕ-ਜ਼ਬਾਨ ਹੋ ਕੇ ਉਚਰਿਆ ਕਿ ਜੋ ਕੁਛ ਉਸ ਨੇ ਬੋਲਿਆ ਹੈ, ਮਹਾਂ ਕੁਫ਼ਰ ਤੋਲਿਆ ਹੈ। ਸਰਵਣ ਸਿੰਘ ਤਾਂ ਹੁਣ ਫਿਟ ਨਿਕਲਿਆ ਹੈ। ਹਉਮੈ ਉਸ ਨੂੰ ਖਾ ਗਈ। ਉਸ ਨੂੰ ਬਚਾਉਣ ਦਾ ਇਕੋ ਇਕ ਇਲਾਜ ਇਹ ਹੈ ਕਿ ਉਸ ਨੂੰ ਜਥੇ ਵਲੋਂ ਛੇਕਿਆ ਜਾਵੇ। ਮੁਕੰਮਲ ਬਾਈਕਾਟ ਉਸ ਦਾ ਕੀਤਾ ਜਾਵੇ। ਜਥੇ ਦਾ ਕੋਈ ਸਿੰਘ ਉਸ ਨਾਲ ਤਅੱਲਕ ਨਾ ਰਖੇ। ਗੁਰਮਤਾ ਪਾਸ ਹੋ ਗਿਆ। ਟੀਸੀ ਚੜ੍ਹੇ ਸਰਵਣ ਸਿੰਘ ਨੂੰ ਧੜੰਮ ਹੇਠਾਂ ਸੱਟਿਆ ਦੇਖਣਾ ਪਿਆ। ਸਭ ਸਜਣਾਂ ਨੇ ਉਨ੍ਹਾਂ ਦਾ ਮੁਕੰਮਲ ਬਾਈਕਾਟ ਕਰ ਦਿਤਾ। ਪਤਾ ਲਗਾ ਕਿ ਉਸ



www.AKJ.Org

ਨਾਲ ਇਕ ਦੋ ਸਜਣ ਲੁਕਵਾਂ ਛਿਪਵਾਂ ਤਅਲਕ ਰਖਦੇ ਹਨ, ਉਨ੍ਹਾਂ ਦੇ ਨਾਲ ਉਸ ਦਾ ਬਹੁਤਾ ਪਿਆਰ ਸੀ। ਉਨ੍ਹਾਂ ਦੋਹਾਂ ਸਜਣਾਂ ਨੂੰ ਸੰਗਤ ਵਿਚ ਬੁਲਾ ਕੇ ਤਾੜਨਾ ਕੀਤੀ ਗਈ ਕਿ ਜਾਂ ਤਾਂ ਸੰਗਤ ਦਾ ਹੁਕਮ ਮੰਨੋ, ਛੇਕੇ ਹੋਏ ਸਰਵਣ ਸਿੰਘ ਨਾਲੋਂ ਤਅਲਕ ਤੋੜੋ; ਨਹੀਂ ਤੁਹਾਨੂੰ ਦੋਹਾਂ ਨੂੰ ਛੇਕਿਆ ਜਾਵੇਗਾ। ਉਨ੍ਹਾਂ ਦੋਹਾਂ ਨੇ ਸੰਗਤ ਦੀ ਆਗਿਆ ਮੰਨ ਕੇ ਛੇਕੇ ਹੋਏ ਸਰਵਣ ਸਿੰਘ ਦਾ ਸਾਥ ਛਡ ਦਿਤਾ।

ਫੇਰ ਤਾਂ ਦਿਨਾਂ ਵਿਚ ਹੀ ਉਸ ਦੀ ਹਉਮੈ ਦਾ ਅੜਾਟ ਨਿਕਲ ਗਿਆ। ਕਲੱਮ-ਕੱਲਾ ਰਹਿ ਗਿਆ–ਸਮਝ ਕੇ ਉਸ ਦੀਆਂ ਅੱਖਾਂ ਖੁਲ੍ਹ ਗਈਆਂ। ਸੰਗਤ ਦੀ ਸ਼ਰਨੀ ਆ ਪਿਆ। ਹਰੇਕ ਸਮਾਗਮ ਵਿਚ ਆਵੇ ਤੇ ਜੋੜਿਆਂ ਵਿਚ ਲੇਟਿਆ ਰਹੇ, ਧੁਪ ਵਿਚ ਭੁਜਦਾ ਰਹੇ, ਮਹੀਨਾ ਭਰ ਤਲਮਲਾਉਂਦਾ ਰਿਹਾ, ਕਿਸੇ ਨੇ ਉਸ ਦਾ ਖਿਆਲ ਹੀ ਨਹੀਂ ਕੀਤਾ। ਓੜਕ ਡਡਿਆ ਉਠਿਆ, ਦੁਹਾਈ ਦਿਤੀ ਕਿ ਮੇਰੀ ਬਹੁੜੀ ਕਰੋ, ਜੋ ਤਨਖ਼ਾਹ ਲਾਉਣੀ ਹੈ, ਸੰਗਤ ਲਾ ਦੇਵੇ, ਪਰ ਮੈਨੂੰ ਬਖਸ਼ ਲਵੇ। ਸਾਰੀ ਸੰਗਤ ਨੇ ਸਰਬ ਸੰਮਤੀ ਨਾਲ ਹੁਕਮ ਦਿਤਾ ਕਿ ਸਰਵਣ ਸਿੰਘ ਮੂੰਹ ਕਾਲਾ ਕਰ ਕੇ, ਛਿੱਤਰਾਂ ਦੀ ਮਾਲਾ ਗਲ ਵਿਚ ਪਾ ਕੇ ਗੱਧੇ ਤੇ ਚੜ੍ਹੇ। ਪੰਜਾਂ ਪਿੰਡਾਂ ਵਿਚ ਏਵੇਂ ਫਿਰੇ ਤੇ ਪੁਕਾਰ ਪੁਕਾਰ ਕੇ ਦਸਦਾ ਫਿਰੇ ਕਿ ਆਹ ਅਵੱਗਿਆ ਮੇਰੇ ਪਾਸੋਂ ਹੋਈ, ਜਿਸ ਕਾਰਨ ਇਹ ਤਨਖ਼ਾਹ ਸੰਗਤ ਵਲੋਂ ਲਾਈ ਗਈ। ਤਦ ਬਖਸ਼ਿਆ ਜਾ ਸਕਦਾ ਹੈ, ਐਵੇਂ ਨਹੀਂ। ਉਸ ਨੇ ਇਹ ਤਨਖ਼ਾਹ ਖੁਸ਼ੀ ਖੁਸ਼ੀ ਕਬੂਲ ਕੀਤੀ। ਉਸ ਦੇ ਪੂਰਬਲੇ ਚੰਗੇ ਅੰਕੂਰ ਜਾਗ ਆਏ। ਉਸ ਨੇ ਸੰਗਤ ਦਾ ਹੁਕਮ ਮੰਨ ਕੇ ਤਨਖ਼ਾਹ ਪੂਰੀ ਇਸ ਤਰ੍ਹਾਂ ਕੀਤੀ–

ਫਲੇਵਾਲ ਜਾ ਕੇ ਘੁਮਾਰਾਂ ਤੋਂ ਗੱਧਾ ਲਿਆ, ਤੇ ਤਵੇ ਦੀ ਕਾਲਖ ਨਾਲ ਤੇਲ ਰਲਾ ਕੇ ਮੂੰਹ ਕਾਲਾ ਕੀਤਾ, ਗਲ ਵਿਚ ਛਿੱਤਰਾਂ ਦੀ ਮਾਲਾ ਪਾਈ ਤੇ ਗੱਧੇ ਤੇ ਸਵਾਰ ਹੋ ਗਿਆ। ਇਸ ਤਰ੍ਹਾਂ ਉਹ ਫਲੇਵਾਲ, ਗੁਜਰਵਾਲ, ਨਾਰੰਗਵਾਲ, ਲੋਹਗੜ੍ਹ ਅਤੇ ਮਹਿਮਾ ਸਿੰਘ ਵਾਲਾ ਪੰਜਾਂ ਪਿੰਡਾਂ ਵਿਚ ਗੱਧੇ ਤੇ ਚੜ੍ਹਿਆ ਚੜ੍ਹਾਇਆ ਫਿਰਿਆ। ਉਹ ਕੁਲ ਦੀ ਕਾਣ-ਕਣੌਡ ਛਡ ਕੇ ਆਪਣੀ ਅਵੱਗਿਆ ਆਪਣੇ ਮੂੰਹੋਂ ਥਾਂ ਥਾਂ ਖੜਾ ਹੋ ਕੇ ਦਸਦਾ ਰਿਹਾ। ਜਦ ਨਾਰੰਗਵਾਲ ਆਇਆ ਤਾਂ ਸਾਡੇ ਗ੍ਰਿਹਿ ਵਿਖੇ ਜਥੇ ਦਾ ਇਕੱਠ ਸੀ ਤੇ ਦੀਵਾਨ ਸਜਿਆ ਹੋਇਆ ਸੀ। ਸਾਡੀ ਮਾਤਾ ਨੇ ਹੰਝੂਆਂ ਨਾਲ ਪੁਲਕ੍ਰਿਤ ਹੋ ਕੇ ਤੇ ਗਲਵਕੜੀ ਪਾ ਕੇ ਉਸ ਨੂੰ ਗੱਧੇ ਤੋਂ ਉਤਾਰਿਆ ਤੇ ਭਰੇ ਦੀਵਾਨ ਵਿਚ ਸੰਗਤ ਦੇ ਆਣ ਪੇਸ਼ ਕੀਤਾ। ਸਾਰੀ ਸੰਗਤ ਦੇਖ ਕੇ ਦ੍ਰਵੀਭੂਤ ਹੋ ਗਈ। ਦਾਸ ਨੂੰ ਹੁਕਮ ਹੋਇਆ ਕਿ ਇਸ ਦੀ ਕਾਲਖ ਲਾਹ ਕੇ ਮੁੜ ਸੰਗਤ ਵਿਚ ਬਿਠਾਵੋ। ਮਸਾਂ ਇਕ ਘੰਟੇ ਵਿਚ ਕਾਲਖ ਲਥੀ, ਪਰਮ ਨਿਰਮਲ ਚੇਹਰਾ ਹੋ ਗਿਆ। ਚੇਹਰੇ ਤੇ ਉਹ ਰੱਬੀ ਜਲਾਲ ਆਇਆ ਜਿਸ ਦਾ ਜਮਾਲ ਕਿਸੇ ਤੋਂ ਝਲਿਆ ਨਾ ਜਾਵੇ। ਕਮਾਲ ਦੀ ਗਰੀਬੀ ਅਜ ਭਾਈ ਸਰਵਣ ਸਿੰਘ ਜੀ ਦੇ ਰਗੋ-ਰੇਸ਼ੇ ਵਿਚ ਛਾ ਗਈ, ਸਿਖੀ ਸਿਦਕ ਦੇ ਜਾਹੋ ਜਲਾਲ ਵਾਲੇ ਕਮਾਲ ਵਿਚ ਸਾਵਧਾਨ ਹੋਇਆ। ਬਿਬੇਕ ਸਰਬ-ਲੋਹ ਦੀ ਰਹਿਤ-ਰਹਿਣੀ ਵਿਚ ਸਾਵਧਾਨ ਹੁੰਦਾ ਹੋਇਆ ਰਹਿੰਦੀ ਆਯੂ ਬਤੀਤ ਕਰਨ ਲਗਾ। ਅਗੇ ਨਾਲੋਂ ਭੀ ਦਸ-ਗੁਣੀ ਕਾਰ ਸੁਕ੍ਰਿਤ ਕਰਨੀ ਗੁਰੂ ਘਰ ਦੀ ਕਮਾਵਣ ਲਗਾ।

ਅਗੇ ਨਾਲੋਂ ਭੀ ਸੌ ਗੁਣਾ ਵਧੇਰੇ ਸਤਿਕਾਰ ਭਾਈ ਸਰਵਣ ਸਿੰਘ ਜੀ ਦਾ ਸੰਗਤ ਵਿਚ ਹੋਣ ਲਗਾ, ਪਰੰਤੂ ਅਤਿ ਦਰਜੇ ਦੀ ਨਿਮਰਤਾ ਵਿਚ ਲੀਨ ਹੋ ਕੇ ਅੱਜਰ ਨੂੰ ਜਰਨ ਵਾਲੀ ਅਤੇ ਉਚ ਆਤਮ ਅਵਸਥਾ ਨੂੰ ਪ੍ਰਾਪਤ ਹੁੰਦੇ ਹੋਏ ਹਰਿ-ਰੰਗ-ਰੰਗੀ ਜੀਵਨੀ ਬਤੀਤ ਕਰਨ ਲਗਾ। ਇਤਨੇ ਨੂੰ ਹੁਕਮ ਅੰਦਰ ਜੇਲ੍ਹ-ਯਾਤਰਾ ਭੁਗਤਣ ਲਈ ਅਸੀਂ ਉਮਰ-ਕੈਦ ਹੋ ਕੇ ਜੇਲ੍ਹਾਂ ਵਿਚ ਚਲੇ ਗਏ, ਸਾਡੇ ਪਿਛੋਂ ਹੀ ਸਾਡੇ ਪਰਮ ਪਿਆਰੇ ਵੀਰ ਭਾਈ ਸਰਵਣ ਸਿੰਘ ਗੁਰਪੁਰੀ ਪਧਾਰ ਗਏ। ਕੁਝ ਪਤਾ ਨਹੀਂ ਕਿ ਕਿਵੇਂ ਪਧਾਰੇ ਤੇ ਕਿਵੇਂ ਚੜ੍ਹਾਈਆਂ ਹੋਈਆਂ।



www.AKJ.Org

# ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ

[ਵਲੋਂ—ਪ੍ਰਿੰਸੀਪਲ ਗੁਰਮੁਖ ਸਿੰਘ ਜੀ]

ਹਰ ਜਾਤੀ, ਹਰ ਮਜ਼ਹਬ, ਹਰ ਕਬੀਲੇ ਦੇ ਲੋਕਾਂ ਦਾ ਆਪਸੀ ਮੇਲ ਮਿਲਾਪ ਸਮੇਂ ਇਕ ਦੂਜੇ ਨੂੰ ਸੰਬੋਧਨ ਕਰਨ ਦਾ ਵਖਰਾ ਵਖਰਾ ਤਰੀਕਾ ਹੁੰਦਾ ਹੈ। ਉਹਨਾਂ ਦੇ ਸੰਬੋਧਨੀ ਸ਼ਬਦ ਤੋਂ ਉਸ ਜਾਤੀ ਦੇ ਧਰਮ ਜਾਂ ਸੰਸਕ੍ਰਿਤੀ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਉਤਰੀ ਭਾਰਤ ਦੇ ਕੁਝ ਕੁ ਪ੍ਰਚਲਤ ਸੰਬੋਧਨੀ ਸ਼ਬਦਾ ਦੀ ਪੜਚੋਲ ਬੜੀ ਦਿਲਚਸਪ ਹੈ, ਅਤੇ ਇਸ ਸੰਬੰਧ ਵਿਚ ਖਾਲਸੇ ਦੇ (ਇਕ ਦੂਜੇ ਨੂੰ) ਮਿਲਣ ਸਮੇਂ ਫਤਹ ਦੀ ਮਹੱਤਤਾ ਦਾ ਸਹੀ ਅੰਦਾਜ਼ਾ ਸਹਜੇ ਹੀ ਸਮਝ ਆ ਜਾਂਦਾ ਹੈ। ਇਸ ਅਧਿਐਨ ਤੋਂ ਇਹ ਗੱਲ ਭੀ ਸਪਸ਼ਟ ਹੋ ਜਾਂਦੀ ਹੈ ਕਿ ਸਤਿਗੁਰੂ ਸਾਹਿਬਾਨ ਨੂੰ ਪੁਰਾਣੇ ਸਨਾਤਨੀ ਸੰਬੋਧਨੀ ਸ਼ਬਦਾਂ ਨੂੰ ਛਡ ਕੇ ਨਵੇਂ ਸੰਬੋਧਨੀ ਵਾਕ ਕਿਉਂ ਘੜਨੇ ਪਏ।

'ਜੈ ਸੀਆ ਰਾਮ' ਅਤੇ 'ਰਾਧੇ ਸ਼ਾਮ' ਆਮ ਪ੍ਰਚਲਤ ਸੰਬੋਧਨੀ ਵਾਕ ਹਨ, ਜੋ ਉਤਰੀ ਭਾਰਤ ਵਿਚ ਭਗਤੀ ਲਹਿਰ ਦੇ ਭਗਤਾਂ ਨੇ ਪ੍ਰਚਲਤ ਕੀਤੇ। ਰਾਮ ਤੇ ਕ੍ਰਿਸ਼ਨ ਤ੍ਰੇਤਾ ਅਤੇ ਦੁਆਪਰ ਦੇ ਅਵਤਾਰ ਮੰਨੇ ਜਾਂਦੇ ਹਨ। ਖ਼ਿਆਲ ਹੈ ਕਿ ਗਿਆਰਵੀਂ ਬਾਰ੍ਹਵੀਂ ਸਦੀ ਤੋਂ ਭਗਤੀ ਲਹਿਰ ਉਤਰੀ ਭਾਰਤ ਵਿੱਚ ਚਲ ਪਈ ਸੀ। ਇਸ ਦੇ ਪ੍ਰਭਾਵ ਹੇਠ ਆਏ ਬਹੁਤ ਸਾਰੇ ਭਗਤਾਂ ਨੇ ਰਾਮ ਅਤੇ ਕ੍ਰਿਸ਼ਨ ਨੂੰ ਲੋਕ-ਪ੍ਰਿਆ ਬਣਾਇਆ। ਇਸ ਲਈ 'ਹਰੇ ਕ੍ਰਿਸ਼ਨ' ਜਾਂ 'ਹਰੇ ਰਾਮ', ਰਾਧੇ ਸ਼ਾਮ' ਤੇ 'ਜੈ ਸੀਆ ਰਾਮ' ਲੋਕਾਂ ਦੇ ਮੂੰਹ ਉਤੇ ਸਹਿਜੇ ਹੀ ਚੜ੍ਹ ਗਏ ਤੇ ਉਹ ਇਕ ਦੂਜੇ ਨੂੰ ਮਿਲਣ ਸਮੇਂ ਭੀ ਇਹੋ ਵਾਕ ਬੋਲਦੇ ਸਨ। ਇਹਨਾਂ ਵਾਕਾਂ ਤੋਂ ਉਹਨਾਂ ਦੇ ਰਾਮ-ਭਗਤ ਜਾਂ ਕ੍ਰਿਸ਼ਨ ਭਗਤ ਹੋਣ ਦੀ ਸੂਚਨਾ ਮਿਲਦੀ ਹੈ।

ਇਹਨਾਂ ਸਤਰਾਂ ਦੇ ਲੇਖਕ ਨੇ ਮਧ ਭਾਰਤ ਵਿੱਚ ਇਕ ਅਜੀਬ ਘਟਨਾ ਦੇਖੀ। ਇਕ ਰਾਮ-ਭਗਤ ਕਿਸੇ ਆਪਣੇ ਮਿਤਰ ਨੂੰ, ਜੋ ਕ੍ਰਿਸ਼ਨ-ਭਗਤ ਸੀ, ਇਕ ਸਵੇਰ "ਜੈ ਸੀਆ ਰਾਮ' ਕਹਿ ਕੇ ਬੁਲਾਇਆ, ਪਰ ਅਗੋਂ ਦੂਜੇ ਨੇ 'ਜੈ ਰਾਧੇ ਸ਼ਾਮ' ਕਹਿ ਕੇ ਉਸਦਾ ਉਤਰ ਦਿਤਾ, ਅਤੇ ਇਉਂ ਉਹ ਕਾਫ਼ੀ ਦੇਰ ਤਕ ਆਪੋ ਆਪਣੇ ਇਸ਼ਟ ਦੀ ਜੈ ਪੁਕਾਰਦੇ ਰਹੇ। ਇਸ ਧਾਰਨਾ ਦੇ ਅਧੀਨ ਰਾਮ-ਭਗਤ ਵਖਰੇ ਹਨ ਤੇ ਕ੍ਰਿਸ਼ਨ-ਭਗਤ ਵਖਰੇ। ਰਾਮ ਹੋਰ ਹੈ, ਕ੍ਰਿਸਨ ਹੋਰ ਹੈ; ਭਾਵੇਂ ਦੋਵੇਂ ਇਕੋ ਵਿਸ਼ਨੂ ਦੇ ਅਵਤਾਰ ਹੀ ਮੰਨੇ ਜਾਂਦੇ ਹਨ।

ਰਾਮ ਦੇ ਨਾਮ ਨਾਲ ਸੀਤਾ, ਤੇ ਕ੍ਰਿਸ਼ਨ ਦੇ ਨਾਮ ਨਾਲ ਰਾਧੇ ਇਸ ਗੱਲ ਦਾ ਸੂਚਕ ਹੈ ਕਿ ਦੋਵੇਂ ਪ੍ਰਕਾਰ ਦੇ ਭਗਤਾਂ ਨੇ ਇਨ੍ਹਾਂ ਅਵਤਾਰਾਂ ਦੀਆਂ ਪਤਨੀਆਂ ਨੂੰ ਸਨਮਾਨਿਆ ਹੈ।

ਇਹਨਾਂ ਰਾਮ ਤੇ ਕ੍ਰਿਸ਼ਨ ਭਗਤਾਂ ਦੀ ਰੀਸੇ ਉਤਰੀ ਭਾਰਤ ਵਿੱਚ ਇਕ ਹੋਰ ਸੰਪਰਦਾ ਨੇ ਉਨੀਵੀਂ ਸਦੀ ਦੇ ਅੰਤਲੇ ਦਹਾਕਿਆਂ ਵਿੱਚ ਜਨਮ ਲਿਆ। ਲਾਲਾ ਦਿਆਲ ਦਾਸ ਲਾਹੌਰ ਦੇ ਖਤਰੀ, ਗੁਰੂ ਘਰ ਦੇ ਸ਼ਰਧਾਲੂ ਪਰਵਾਰ ਵਿਚੋਂ ਸਹਿਜਧਾਰੀ ਅਖਵਾਂਦੇ ਸਿਖ, ਆਗਰੇ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ-ਵਿਆਖਿਆ ਕਰਦੇ ਕਰਦੇ, ਆਪ ਗੁਰੂ ਬਣ ਬੈਠੇ। ਉਥੋਂ ਦੇ ਲੋਕੀ ਉਹਨਾਂ ਨੂੰ ਮਹਾਤਮਾ ਜੀ ਜਾਂ ਸੁਆਮੀ ਜੀ ਕਹਿਣ ਲਗ ਪਏ। ਇਹਨਾਂ ਦੀ ਪਤਨੀ ਦਾ ਨਾਮ ਰਾਧਾ ਸੀ, ਜੋ ਫਰੀਦਾਬਾਦ ਦੇ ਕਿਸੇ ਹਿੰਦੂ ਪਰਵਾਰ ਵਿਚੋਂ ਸੀ। 'ਜੈ ਸੀਆ ਰਾਮ' ਅਤੇ 'ਜੈ ਰਾਧੇ ਸ਼ਾਮ' ਦੀ ਨਕਲ ਤੇ ਇਹਨਾਂ ਦੇ ਸ਼ਰਧਾਲੂਆਂ ਨੇ 'ਰਾਧਾ ਸੁਆਮੀ' ਸੰਬੋਧਨੀ ਸ਼ਬਦ ਘੜ ਲਿਆ।

ਕੁਝ ਵੀ ਹੋਵੇ, ਇਹ ਤਿੰਨੇ ਸੰਬੋਧਨੀ ਵਾਕ ਕੇਵਲ ਇਕ ਵਿਅਕਤੀ ਦੀ ਜੈ ਜੈਕਾਰ ਕਰਦੇ ਜਾਂ ਜਸ ਗਾਉਂਦੇ ਹਨ, ਚਾਹੇ ਉਹ ਰਾਮ ਹੈ, ਜਾਂ ਕ੍ਰਿਸ਼ਨ, ਜਾਂ ਸੁਆਮੀ ਦਿਆਲਦਾਸ ਹੈ। ਰਾਮ ਉਹ ਰਵਿਆ



www.AKJ.Org

ਰਾਮ ਨਹੀਂ, ਕ੍ਰਿਸ਼ਨ ਭੀ ਉਹ ਸਰਬ ਵਿਆਪੀ ਰਾਮ, ਦਿਆਲਦਾਸ ਭੀ ਅਜੇ ਸਰਵ-ਵਿਆਪੀ ਰਾਮ ਵਿੱਚ ਨਹੀਂ ਸਮਾਇਆ, ਤਾਂ ਇਹ ਜੈ ਜੈਕਾਰ ਕਿਸ ਦੀ ਕੀਤੀ ਜਾ ਰਹੀ ਹੈ ?

ਇਹਨਾਂ ਉਪਰੋਕਤ ਸੰਬੋਧਨੀ ਵਾਕਾਂ ਤੋਂ ਪਹਿਲਾਂ ਉਤਰੀ ਭਾਰਤ ਵਿੱਚ ਸਿੰਧ ਵਾਦੀ ਸਭਿਅਤਾ ਤੋਂ ਲੈ ਕੇ ਹੁਣ ਤਕ ਸ਼ਿਵ ਜੀ ਦੀ ਪੂਜਾ ਹੁੰਦੀ ਸੀ। ਬ੍ਰਹਮਾ ਤੇ ਵਿਸ਼ਨੂ ਤੋਂ ਬਾਅਦ ਆਰੀਆ ਸਭਿਅਤਾ ਨੇ ਪੁਰਾਤਨ ਸ਼ਿਵ ਨੂੰ ਭੀ ਦੇਵਤਾ ਮੰਨ ਲਿਆ ਅਤੇ ਇਉਂ ਤ੍ਰਿਮੂਰਤੀ ਦਾ ਸੰਕਲਪ ਵਿਦਮਾਨ ਹੋਇਆ। ਭਗਤੀ-ਲਹਿਰ ਤੋਂ ਕਈ ਹਜ਼ਾਰ ਸਾਲ ਪਹਿਲਾਂ ਸ਼ਿਵਜੀ ਦੀ ਪੂਜਾ ਹੁੰਦੀ ਆਈ ਹੈ। ਮਹਿਮੂਦ ਗਜ਼ਨਵੀ ਨੇ ਸੋਮਨਾਥ ਦੇ ਮੰਦਰ ਵਿੱਚ ਸ਼ਿਵ-ਲਿੰਗ ਦੇ ਪੱਥਰ ਦੀ ਬੇਅਦਬੀ 1000 ਈ: ਵਿੱਚ ਕੀਤੀ ਸੀ। ਸੋ ਭਾਰਤ ਵਿੱਚ ਕਾਫ਼ੀ ਪੁਰਾਣੇ ਸਮੇਂ ਤੋਂ 'ਹਰ ਹਰ ਮਹਾਂਦੇਵ' ਜਾਂ 'ਜੈ ਸ਼ਿਵ ਸ਼ੰਕਰ' ਆਦਿ ਦੇ ਸੰਬੋਧਨੀ ਸ਼ਬਦ ਪ੍ਰਚਲਤ ਸਨ। ਇਉਂ ਹਿੰਦੂ ਮੱਤ ਅਨੁਸਾਰ ਤਿੰਨ ਪ੍ਰਮੁਖ ਦੇਵਤਿਆਂ ਦੇ ਨਾਮਾਂ ਦੁਆਲੇ ਸੰਬੋਧਨੀ ਵਾਕ ਘੜ ਲਏ ਗਏ, ਅਤੇ ਹੁਣ ਤਕ ਇਨ੍ਹਾਂ ਦੇ ਸ਼ਰਧਾਲੂ ਤਿੰਨਾਂ ਨੂੰ ਭਿੰਨ ਭਿੰਨ ਕਰਕੇ ਮੰਨਦੇ ਹਨ। ਇਕ ਪ੍ਰਭੂ ਵਲ ਇਨ੍ਹਾਂ ਦਾ ਧਿਆਨ ਕਦੇ ਨਹੀਂ ਗਿਆ।

ਸਤਿਗੁਰੂ ਸਾਹਿਬਾਨ ਦੀ ਵਿਚਾਰਧਾਰਾ ਉਪਰੋਕਤ ਵੰਡ-ਵਿਤਕਰਿਆਂ ਤੋਂ ਬਿਲਕੁਲ ਨਵੇਕਲੀ ਹੈ। ਪੁਰਾਤਨ ਜਨਮ ਸਾਖੀਆਂ ਅਨੁਸਾਰ ਸਤਿਗੁਰੂ ਨਾਨਕ ਦੇਵ ਜੀ ਜਿਥੇ ਕਿਥੇ ਭੀ ਗਏ, ਉਹਨਾਂ ਨੇ 'ਸਤਿ ਕਰਤਾਰ' ਸ਼ਬਦ ਦਾ ਹੀ ਪ੍ਰਯੋਗ ਕੀਤਾ। 'ਸਤਿ ਕਰਤਾਰ' ਉਹਨਾਂ ਦੇ ਸਤਿ ਉਤੇ ਦ੍ਰਿੜ੍ਹ ਨਿਸਚੇ ਦਾ ਸੂਚਕ ਹੈ। ਉਹ ਕਰਤਾਰ ਨੂੰ ਸਦਾ ਅੰਗ ਸੰਗ ਪੇਖਦੇ ਸਨ। ਸਦਾ ਸਾਈਂ ਨਾਲ ਜੁੜੇ ਰਹਿਣ ਕਰਕੇ ਉਹਨਾਂ ਨੂੰ ਕਰਤਾਰ ਹੀ ਕਰਤਾਰ ਦੇ ਦਰਸ਼ਨ ਹੁੰਦੇ ਸਨ। ਇਉਂ ਸਿਖ ਸੰਗਤਾਂ ਵਿੱਚ ਭੀ 'ਸਤਿ ਕਰਤਾਰ' ਹੀ ਪ੍ਰਚਲਤ ਹੋ ਗਿਆ। ਇਸ ਸੰਬੋਧਨੀ ਵਾਕ ਵਿੱਚ ਸਭ ਤੋਂ ਵੱਡਾ ਵਾਧਾ ਇਹ ਹੈ ਕਿ ਇਸ ਨਾਲ ਅਵਤਾਰ ਭਗਤੀ ਦੀ ਭਿੰਨ-ਭੇਦਤਾ ਦਾ ਰੇੜਕਾ ਹੀ ਮੁਕ ਜਾਂਦਾ ਹੈ।

ਇਹ ਪਹਿਲੀ ਵਾਰ ਹੈ ਕਿ ਇਸ ਨਵੇਂ ਸੰਬੋਧਨੀ ਵਾਕ ਵਿਚ ਕੇਵਲ ਅਕਾਲ ਪੁਰਖ ਦੀ ਵਾਹਦਾਨੀਅਤ ਤੇ ਜ਼ੋਰ ਦਿਤਾ ਗਿਆ। ਉਤਰੀ ਭਾਰਤ ਵਿਚ ਭਾਰਤੀ ਧਰਮਾਂ ਵਿਚੋਂ ਸਤਿਗੁਰੂ ਨਾਨਕ ਦੇਵ ਜੀ ਨੇ ਇਉਂ ਲੋਕਾਂ ਦੀ ਸੋਚਣੀ ਵਿਚ ਤਬਦੀਲੀ ਲਿਆਂਦੀ ਕਿ ਕੇਵਲ ਕਰਤਾਰ ਹੀ ਸਤਿ ਹੈ ਤੇ ਉਸਦੀ ਜੈ ਜੈਕਾਰ ਬੁਲਾਉਣੀ ਹੀ ਸ਼ੋਭਦੀ ਹੈ। ਦਸਵੇਂ ਪਾਤਸ਼ਾਹ ਜੀ ਦੇ ਸਮੇਂ ਤਕ 'ਸਤਿ ਕਰਤਾਰ' ਦੇ ਭਾਵ ਵਿਚ ਹੀ 'ਸਤਿ ਸ੍ਰੀ ਅਕਾਲ' ਅਤੇ 'ਸ੍ਰੀ ਅਕਾਲ ਜੀ ਸਹਾਇ' ਸ਼ਬਦਾਂ ਦੀ ਵਰਤੋਂ ਹੋਣੀ ਅਰੰਭ ਹੋ ਗਈ ਸੀ। 'ਸਤਿ ਸ੍ਰੀ ਅਕਾਲ' ਅਤੇ 'ਬੋਲੇ ਸੋ ਨਿਹਾਲ' ਦਸਵੇਂ ਪਾਤਸ਼ਾਹ ਨੇ ਆਪਣੇ ਖਾਲਸਾ ਜੀ ਨੂੰ ਜੰਗੀ ਨਾਅਰੇ ਵਜੋਂ ਦਿਤੇ, ਜੋ ਅੱਜ ਤਕ ਸਿਖ ਕੌਮ ਲਈ ਸਮੂਹਕ ਤੌਰ ਤੇ ਚੜ੍ਹਦੀ ਕਲਾ ਦੇ ਬੋਲੇ ਬਣ ਗਏ ਹਨ।

ਦਸਵੇਂ ਪਾਤਸ਼ਾਹ ਨੇ ਜਦੋਂ 'ਖਾਲਸਾ' ਸਾਜਿਆ ਤਾਂ ਆਪ ਜੀ ਨੇ ਫੁਰਮਾਇਆ ਕਿ 'ਖਾਲਸਾ' ਆਪਣੇ ਉਚ ਆਦਰਸ਼ੀ ਗੁਣਾਂ ਕਰਕੇ ਸਦਾ ਵਾਹਿਗੁਰੂ ਜੀ ਦਾ ਹੈ, ਵਾਹਿਗੁਰੂ ਜੀ ਸਦਾ ਖਾਲਸੇ ਦੇ ਅੰਗ ਸੰਗ ਹਨ, ਅਤੇ ਹਰ ਮੈਦਾਨ ਫਤਹ ਵਾਹਿਗੁਰੂ ਜੀ ਦੀ ਹੋਣੀ ਹੈ। ਸੋ ਦਸਮੇਸ਼ ਪਿਤਾ ਜੀ ਨੇ ਓਦੋਂ ਤੋਂ ਖਾਲਸਾ ਜੀ ਨੂੰ ਇਹ ਸੰਬੋਧਨੀ ਬੋਲਾ ਬਖਸ਼ਦੇ ਹੋਇਆਂ ਹੁਕਮ ਕੀਤਾ ਕਿ ਸਿੰਘ ਜਦੋਂ ਆਪਸ ਵਿਚ ਮਿਲਣ ਤਾਂ ਗੱਜ ਕੇ ਬੁਲਾਉਣ— ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹ॥

ਇਸ ਫਤਹ ਵਿਚ ਇਕ ਦੋ ਨੁਕਤੇ ਹੋਰ ਭੀ ਨੋਟ ਕਰਨ ਵਾਲੇ ਹਨ। ਇਸ ਫਤਹ ਦੁਆਰਾ ਗੁਰਮੰਤਰ ਨੂੰ ਉਜਾਗਰ ਕੀਤਾ ਗਿਆ ਹੈ। ਗੁਰੂ ਗੁਰੂ ਜਪਦੇ ਸਿੰਘਾਂ ਵਲੋਂ ਉਪਰੋਕਤ ਫਤਹ ਵਿਚ ਦੋ ਵਾਰੀ ਇਕ ਪਾਸਿਓਂ ਅਤੇ ਦੋ ਵਾਰ ਦੂਜੇ ਪਾਸਿਓਂ 'ਵਾਹਿਗੁਰੂ' ਸ਼ਬਦ ਸਹਿਜੇ ਹੀ ਕਹੇ ਜਾਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸੰਬੋਧਨੀ ਬੋਲਾਂ ਵਿਚ ਜੋ ਸੇਧ ਦਿਤੀ ਸੀ, ਉਸੇ ਦਾ ਵਿਸਥਾਰਤ ਰੂਪ ਇਸ ਫਤਹ ਵਿਚ ਹੈ, ਜੋ ਦਸਮੇਸ਼


www.AKJ.Org

ਪਿਤਾ ਜੀ ਨੇ ਆਪਣੇ ਖਾਲਸੇ ਨੂੰ ਬਖਸ਼ਸ਼ ਕੀਤੀ ਹੈ।

ਪਰ ਇਹਨਾਂ ਬੋਲਾਂ ਵਿਚ 'ਖਾਲਸਾ' ਅਤੇ 'ਫਤਹ' ਦੋ ਨਵੇਂ ਸ਼ਬਦ ਦਸਵੇਂ ਸਤਿਗੁਰਾਂ ਨੇ ਬਖਸ਼ੇ ਹਨ। ਖਾਲਸਾ ੧੬੯੯ ਈਸਵੀ ਦੀ ਵਿਸਾਖੀ ਨੂੰ ਸਾਜਿਆ ਗਿਆ। "ਆਗਿਆ ਭਈ ਅਕਾਲ ਕੀ, ਤਬੀ ਚਲਾਇਓ ਪੰਥ" ਅਨੁਸਾਰ ਖਾਲਸੇ ਨੂੰ ਕੁਝ ਜ਼ਿਮੇਵਾਰੀਆਂ ਸੌਂਪੀਆਂ ਗਈਆਂ।

**ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥੪੩॥**

ਬਚਿਤ੍ਰ ਨਾਟਕ ਪ: ੧੦, ਅਧਿ: ੬

ਇਹੋ ਆਦੇਸ਼ ਉਹ ਆਪ ਅਕਾਲ ਪੁਰਖ ਤੋਂ ਲੈ ਕੇ ਆਏ ਸਨ, ਅਤੇ ਇਹੋ ਜ਼ਿਮੇਵਾਰੀ ਆਪ ਨੇ ਖ਼ਾਲਸੇ ਨੂੰ ਭੀ ਸੌਂਪਣਾ ਕੀਤੀ। ਇਸ ਲਈ ਖਾਲਸੇ ਨੂੰ ਆਪਣੇ ਮਿਸ਼ਨ ਦੀ ਸਹੀ ਸੋਧ ਦੇਣ ਲਈ ਅਤੇ ਨਿਤ ਚੇਤੇ ਰਖਣ ਲਈ ਉਪਰੋਕਤ ਸੰਬੋਧਨੀ ਵਾਕ ਬਖਸ਼ਸ਼ ਕਰਦਿਆਂ ਉਨ੍ਹਾਂ ਦੇ ਚਿਤ ਵਿਚ ਵਸਾਇਆ ਕਿ ਸਦਾ ਯਾਦ ਰਖਣਾ ਹੈ ਕਿ 'ਵਾਹਿਗੁਰੂ ਜੀ ਕਾ ਖਾਲਸਾ' ਹੈ ਅਤੇ ਫਤਹ ਭੀ ਵਾਹਿਗੁਰੂ ਜੀ ਕੀ ਮੰਨਣੀ ਹੈ। ਇਹੋ ਭਾਵ ਹਰੇਕ ਖਾਲਸਾ ਇਕ ਦੂਸਰੇ ਨੂੰ ਮਿਲਣ ਸਮੇਂ ਫਤਹ ਗਜਾ ਕੇ ਆਪਣੇ ਅਸਲੇ ਮੂਲ ਅਤੇ ਆਪਣੇ ਕਰਤੱਵ ਨੂੰ ਚੇਤੇ ਰਖਣ ਲਈ ਸਾਵਧਾਨ ਕਰਦਾ ਹੈ।

ਕੁਝ ਕੁ ਜੱਥੇ ਹਨ ਜੋ ਗੱਜ ਵੱਜ ਕੇ ਫਤਹ ਗਜਾਉਂਦੇ ਹਨ, ਨਹੀਂ ਤਾਂ ਆਮ ਸਿਖ ਸੰਗਤਾਂ ਵਿਚ ਰਸਮੋ ਰਸਮੀ 'ਸਤਿ ਸ੍ਰੀ ਅਕਾਲ' ਤੇਜ਼ ਤੇਜ਼ ਕਾਹਲੀ ਕਾਹਲੀ ਆਖ ਕੇ ਗੱਲ ਮੁਕਾਈ ਜਾਂਦੀ ਹੈ। ਇਹ ਇਵੇਂ ਹੈ ਜਿਵੇਂ ਆਖਣ ਵਾਲਾ ਬਿਨਾਂ ਕਿਸੇ ਵਿਸ਼ਵਾਸ-ਭਰੋਸੇ ਦੇ ਕੁਝ ਅਖਰ ਕਾਹਲੀ ਕਾਹਲੀ ਕਹਿ ਗਿਆ ਹੋਵੇ। ਕਈ ਸੰਤ ਮਹਾਂਪੁਰਸ਼ ਸਦਵਾਉਂਦੇ ਸਜਣ ਐਸੇ ਭੀ ਦੇਖੇ ਜਾਂਦੇ ਹਨ ਜੋ ਸਿੰਘਾਂ ਨੂੰ ਤਾਂ ਫਤਹ ਗਜ਼ਾਉਂਦੇ ਹਨ, ਪਰ ਬੀਬੀਆਂ ਨੂੰ ਸਤਿ ਸ੍ਰੀ ਅਕਾਲ ! ਇਹ ਵਿਤਕਰਾ ਕਿਉਂ ? ਕੁਝ ਸਮਝ ਨਹੀਂ ਆਈ।

ਅਜ ਸਮਾ ਹੈ, ਜਦ ਖਾਲਸੇ ਵਿਚ ਆਪਣੇ ਪੁਰਾਤਨ ਵਿਰਸੇ ਨੂੰ ਸਾਂਭਣ ਦੀ ਚੇਤਨਾ ਪੈਦਾ ਹੋ ਰਹੀ ਹੈ। ਇਸ ਦੀ ਮਹੱਤਤਾ ਨੂੰ ਜਾਨਣ ਦੀ ਜ਼ਰੂਰਤ ਹੈ ਅਤੇ ਲੋੜ ਹੈ ਇਸ ਫਤਹ ਦਾ ਬੋਲ-ਬਾਲਾ ਪੂਰੀ ਤਰ੍ਹਾਂ ਸੁਰਜੀਤ ਕੀਤਾ ਜਾਏ। ਜੋ ਭਾਈ ਦਇਆ ਸਿੰਘ ਔਰੰਗਜ਼ੇਬ ਦੇ ਸਨਮੁਖ ਮੁਸਲਮਾਨੀ ਅਦਬ ਆਦਾਬ ਨੂੰ ਇਕ ਪਾਸੇ ਰਖ ਕੇ ਗਜ ਕੇ "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ" ਗਜਾ ਸਕਦੇ ਸਨ ਤਾਂ ਅਜੋਕੇ ਖਾਲਸੇ ਨੂੰ ਕਿਸ ਤੋਂ ਸੰਗ ਆਉਂਦੀ ਹੈ ? ਜਾਂ ਕਿਸ ਦਾ ਡਰ ਹੈ ? ਜੇ ਸਾਨੂੰ ਵਾਹਿਗੁਰੂ ਜੀ ਦੀ ਜੈ ਜੈਕਾਰ ਕਹਿਣ ਵਿਚ ਭੀ ਸੰਕੋਚ ਤੇ ਡਰ ਹੈ ਤਾਂ ਫਿਰ ਸਾਨੂੰ ਆਪਣਾ ਖਾਲਸਈ ਮਿਸ਼ਨ ਭੀ ਭੁਲ ਗਿਆ ਸਮਝੋ। ਕਲਗੀਧਰ ਜੀ ਦੇ ਉਦੇਸ਼ ਨੂੰ ਮੁਖ ਰਖ ਕੇ ਅਸਾਂ ਆਪ ਭੀ ਚੇਤੇ ਰਖਣਾ ਹੈ ਤੇ ਹੋਰ ਖਾਲਸਾ ਜੀ ਨੂੰ ਭੀ ਚੇਤੇ ਕਰਵਾਉਂਦੇ ਰਹਿਣਾ ਹੈ ਕਿ ਅਸੀਂ ਭੁਲੀ ਭਟਕੀ ਚੌਰਾਸੀ ਨਹੀਂ ਹਾਂ, ਸਗੋਂ ਖ਼ਾਲਸਾ ਹਾਂ ਅਤੇ ਖ਼ਾਲਸਾ ਵਾਹਿਗੁਰੂ ਜੀ ਦਾ ਹੈ ਅਤੇ ਇਸ ਸੰਸਾਰ ਵਿਚ ਉਸ ਵਾਹਿਗੁਰੂ ਜੀ ਦੀ ਹੀ ਜੈ ਜੈਕਾਰ ਹੋਣੀ ਹੈ।

ਦਸਵੇਂ ਪਾਤਸ਼ਾਹ ਤੋਂ ਥੋੜਾ ਸਮਾ ਪਿਛੋਂ, 1710-15 ਈਸਵੀ ਵਿਚਕਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਖਾਲਸੇ ਦੀ ਫਤਹ ਵਿੱਚ ਫ਼ਰਕ ਪਾਣਾ ਚਾਹਿਆ ਅਤੇ 'ਫ਼ਤਹ ਦਰਸ਼ਨ' ਦੇ ਸੰਬੋਧਨੀ ਵਾਕ ਪ੍ਰਚਲਤ ਕਰਨੇ ਚਾਹੇ। ਬੰਦਈ ਖਾਲਸੇ ਤੇ ਤੱਤ ਖਾਲਸੇ ਵਿਚਕਾਰ ਫਤਹ ਦੇ ਨਵੇਂ ਸੰਬੋਧਨੀ ਵਾਕਾਂ ਉਤੇ ਤਗੜਾ ਵਿਵਾਦ ਉਠ ਖੜਾ ਹੋਇਆ। ਹੋਰ ਭੀ ਕੁਝ ਫ਼ਰਕ ਸਨ, ਪਰ ਫਤਹ ਦਾ ਮਸਲਾ ਭੀ ਕਾਫੀ ਮਹੱਤਤਾ ਵਾਲਾ ਸੀ। ਤੱਤ ਖਾਲਸੇ ਦਾ ਇਸ ਵਾਦ-ਵਿਵਾਦ ਵਿਚ ਜਿਤ ਜਾਣਾ ਪਿਛੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਨਰੋਆ ਸਿੱਧ ਹੋਇਆ। ਸ਼ੁਕਰ ਹੈ ਗੁਰੂ ਦੀ ਬਖਸ਼ੀ ਫਤਹ ਸਾਡੇ ਪਾਸ ਹੈ। ਅਤੇ ਸਦਾ ਸਾਨੂੰ ਯਾਦ ਕਰਾਉਂਦੀ ਹੈ ਕਿ ਜੋ ਸਿੰਘ ਵਾਹਿਗੁਰੂ ਜੀ ਨੂੰ ਅੰਗ ਸੰਗ ਜਾਣਦਾ ਹੈ, ਉਸਦੀ ਸਦਾ ਫਤਹ ਹੁੰਦੀ ਹੈ। 'ਫਤਹ' ਸਾਡਾ ਇਕ ਉਤੇ ਵਿਸ਼ਵਸ ਹੋਣ ਦਾ ਪ੍ਰਤੀਕ ਹੈ। ਅਸਾਂ ਉਸ ਦੀ ਸਦਾ ਜੈ ਜੈਕਾਰ ਗਜਾਉਣੀ ਹੈ।


www.AKJ.Org

ਬਾਬਾ ਦਇਆਲ ਜੀ ਨਿਰੰਕਾਰੀ ਨੇ ਉਨੀਵੀਂ ਸਦੀ ਦੇ ਅਰੰਭ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਅਤੇ ਬਾਣੀ ਤੋਂ ਸਦਕੇ ਹੋ ਕੇ ਵਜਦ ਵਿਚ ਆ ਕੇ 'ਧੰਨ ਨਿਰੰਕਾਰ' 'ਧੰਨ ਨਿਰੰਕਾਰ' ਦੀ ਧੁਨੀ ਲਗਾਈ। ਉਹਨਾਂ ਦੀ ਦੇਖਾ-ਦੇਖੀ, ਉਹਨਾਂ ਦੇ ਸਤਿਸੰਗੀ ਭੀ 'ਧੰਨ ਨਿਰੰਕਾਰ' ਦੇ ਸ਼ਬਦ ਨੂੰ ਸੰਬੋਧਨੀ ਵਾਕ ਵਜੋਂ ਵਰਤਣ ਲਗ ਪਏ। 'ਧੰਨ ਨਿਰੰਕਾਰ' ਤੇ 'ਸਤਿ ਕਰਤਾਰ' ਵਿਚ ਕੋਈ ਅੰਤਰ ਨਹੀਂ। ਪਰ ਖਾਲਸੇ ਲਈ ਸੰਬੋਧਨੀ ਸ਼ਬਦਾਂ ਲਈ ਦਸਵੇਂ ਪਾਤਸ਼ਾਹ ਵਲੋਂ ਬਖਸ਼ੀ ਕੇਵਲ ਉਪਰੋਕਤ ਫਤਹ ਨੂੰ ਹੀ ਅਹਿਮੀਅਤ ਦਿਤੀ ਗਈ ਹੈ। ਇਸੇ ਨਿਰੰਕਾਰੀ ਸੰਪ੍ਰਦਾ ਤੋਂ ਫੁਟੀ ਇਕ ਹੋਰ ਸ਼ਾਖ ਭੀ 'ਧੰਨ ਨਿਰੰਕਾਰ' ਦੇ ਸੰਬੋਧਨੀ ਵਾਕਾਂ ਦਾ ਪ੍ਰਯੋਗ ਕਰਦੇ ਹਨ। ਵੇਖਿਆ ਜਾਏ ਤਾਂ 'ਧੰਨ ਨਿਰੰਕਾਰ' ਦੀਆਂ ਦੋਵੇਂ ਸੰਪ੍ਰਦਾਵਾਂ (ਅਸਲੀ ਅਤੇ ਨਕਲੀ) ਹੌਲੀ ਹੌਲੀ ਖਾਲਸਈ ਰਹੁ-ਰੀਤ ਤੋਂ ਦੂਰ ਹੁੰਦੀਆਂ ਜਾ ਰਹੀਆਂ ਹਨ! ਅਤੇ ਗੁਰੂ-ਡੰਮ ਦੇ ਪਖੰਡ-ਜਾਲ ਵਿਚ ਪ੍ਰਵਿਰਤ ਹੋ ਰਹੀਆਂ ਹਨ।

ਪੰਥਕ ਏਕਤਾ ਕਾਇਮ ਰਖਣ ਲਈ ਜ਼ਰੂਰੀ ਹੈ ਕਿ ਖਾਲਸਾ ਦਾ ਇਸ਼ਟ ਇਕ ਹੋਵੇ--ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ, ਖਾਲਸੇ ਦੀ ਅਰਦਾਸ ਇਕ ਹੋਵੇ*, ਖਾਲਸੇ ਦਾ ਨਿਸ਼ਾਨ ਸਾਹਿਬ ਤੇ ਨਿਸ਼ਾਨਾ ਇਕ ਹੋਵੇ ਤੇ ਖਾਲਸੇ ਦਾ ਜੈਕਾਰਾ ਇਕ ਹੋਵੇ ਤੇ ਫਤਹ ਸਾਂਝੀ।

ਉਪਰ ਦਿਤੇ ਸੰਬੋਧਨੀ ਵਾਕਾਂ ਤੋਂ ਇਲਾਵਾ ਆਰੀਆ ਸਮਾਜੀਆਂ ਦੇ 'ਨਮੱਸਤੇ', ਮੁਸਲਮਾਨਾਂ ਦੇ 'ਸਲਾਮ ਅਲੇਕਮ' ਅਤੇ ਈਸਾਈਆਂ ਦਾ 'ਗੁਡ ਮਾਰਨਿੰਗ/ਈਵਨਿੰਗ' ਆਦਿ ਸ਼ਬਦ ਵੀ ਹਨ, ਪਰ ਕੋਈ ਵੀ ਇਕ ਵਾਹਿਗੁਰੂ ਦੀ ਜੈ ਜੈਕਾਰ ਦਾ ਸੰਦੇਸ਼ ਨਹੀਂ ਦਿੰਦੇ।

ਭਾਰਤੀ ਆਜ਼ਾਦੀ ਦੇ ਸੰਗਰਾਮੀਆਂ ਨੇ ਆਜ਼ਾਦ ਹਿੰਦ ਫੌਜ ਨੂੰ 'ਜੈ ਹਿੰਦ' ਦਾ ਨਵਾਂ ਸ਼ਬਦ ਦਿਤਾ, ਜੋ ਰਾਜਸੀ ਸ਼ਬਦ ਹੈ ਅਤੇ ਬਹੁਤਾ ਰਾਜਸੀ ਜਲਸੇ-ਜਲੂਸਾਂ ਵਿੱਚ ਵਰਤਿਆ ਜਾਂਦਾ ਹੈ। ਪਰ ਖਾਲਸੇ ਨੂੰ ਜੋ ਫਤਹ ਦਸਵੇਂ ਪਾਤਸ਼ਾਹ ਨੇ ਬਖਸ਼ੀ ਹੈ, ਉਸਦੀ ਮਹੱਤਤਾ ਦਾ ਸਹੀ ਅਨੁਮਾਨ ਇਸੇ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਫਤਹ ਨੇ ਹੀ ਖਾਲਸੇ ਨੂੰ ਸਦਾ ਆਸ਼ਾਵਾਦੀ ਬਣਾਇਆ ਹੈ ਤੇ ਫਤਹ ਗਜਾਉਂਦਿਆਂ ਗਜਾਉਂਦਿਆਂ ਹੀ ਖਾਲਸੇ ਨੇ ਸਦਾ ਫਤਹ ਪਾਈ ਹੈ।

*ਅਸਲੀ ਨਿਰੰਕਾਰੀਆਂ ਦੀ ਅਰਦਾਸ ਵਿਚ ਕਾਫ਼ੀ ਰਲਾ ਪੈ ਚੁਕਾ ਹੈ। ਨਕਲੀਆਂ ਦਾ ਤਾਂ ਸਭ ਕੁਝ ਚੋੜ-ਚੁਪੱਟ ਹੈ।

# ਤੰਬਾਕੂ ਸਿਹਤ ਲਈ ਅਤਿ ਹਾਨੀਕਾਰਕ—79ਮੁਲਕਾਂ ਦੀ ਕਾਨਫਰੰਸ

ਉਟਾਵਾ, ੧੮ ਜੁਲਾਈ—ਪਿਛਲੇ ਦਿਨ ਖ਼ਤਮ ਹੋਈ ਸਿਹਤ ਤੇ ਤੰਬਾਕੂ-ਨੋਸ਼ੀ ਉਤੇ ਪੰਜਵੀਂ ਵਿਸ਼ਵ ਕਾਨਫਰੰਸ ਦਾ, ਤੀਜੀ ਦੁਨੀਆ ਦੇ ਦੇਸ਼ਾਂ ਵਿਚ ਤੰਬਾਕੂ ਦੇ ਵਧ ਰਹੇ ਖਤਰੇ ਨੇ ਧਿਆਨ ਖਿਚਿਆ। ਪੰਜ-ਦਿਨਾ-ਕਾਨਫਰੰਸ ਵਿਚ ਭਾਗ ਲੈਣ ਵਾਲੇ ਦੇਸ਼ਾਂ ਨੇ ਤੰਬਾਕੂ ਨਾ ਪੀਣ ਵਾਲੇ ਲੋਕਾਂ ਦੇ ਹੱਕਾਂ ਬਾਰੇ ਡੂੰਘੀ ਚਿੰਤਾ ਪ੍ਰਗਟਾਈ। ਨਾਲ ਹੀ ਉਹਨਾਂ ਨੇ ਤੰਬਾਕੂ ਨਾਲ ਨੌਜਵਾਨਾਂ ਅਤੇ ਮਹਿਲਾਵਾਂ ਤੇ ਖਾਸ ਕਰਕੇ ਗਰਭ-ਵਤੀਆਂ ਦੀ ਸਿਹਤ ਨੂੰ ਵਧਦੇ ਜਾ ਰਹੇ ਖ਼ਤਰੇ ਨੂੰ ਮਹਿਸੂਸ ਕੀਤਾ। ਇਸ ਕਾਨਫਰੰਸ ਵਿਚ 79 ਦੇਸ਼ਾਂ ਦੇ 1000 ਤੋਂ ਵਧ ਡੈਲੀਗੇਟ ਸ਼ਾਮਲ ਹੋਏ ਸਨ।

ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਚੀਨ ਨੇ ਪਹਿਲੀ ਵਾਰ ਆਪਣਾ ਪ੍ਰਤੀਨਿਧ ਇਸ ਕਾਨ-ਫਰੰਸ ਵਿਚ ਸ਼ਾਮਲ ਹੋਣ ਲਈ ਭੇਜਿਆ ਸੀ। ਕਾਨਫਰੰਸ ਨੇ ਇਕ ਮਤਾ ਪਾਸ ਕਰਕੇ ਵਿਕਾਸ-ਸ਼ੀਲ ਦੇਸ਼ਾਂ ਤੋਂ ਵਧੇਰੇ ਮਦਦ ਦੀ ਮੰਗ ਕੀਤੀ ਹੈ।

—ਖਾਲਸਾ ਸਮਾਚਾਰ



www.AKJ.Org

# ਗੁਰਬਾਣੀ ਦੇ ਚਾਨਣ ਵਿਚ ਭਾਣਾ

(ਸ: ਸ਼ਮਸ਼ੇਰ ਸਿੰਘ 'ਅਸ਼ੋਕ')

ਰੱਬ ਦਾ ਭਾਣਾ ਮੰਨਣਾ ਤੇ ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਹਰੇਕ ਗੁਰਸਿੱਖ ਦਾ ਮਹਾਨ ਕਰਤੱਬ ਹੈ। ਭਾਣੇ ਦੇ ਸਮਾਨ ਭਾਵ-ਅਰਥਕ ਸ਼ਬਦ ਹਨ—ਹੁਕਮ, ਮਰਜ਼ੀ, ਰਜ਼ਾ ਤੇ ਜੀਵਨ ਦਾ ਅੰਤਕਾਲ । ਇਸੇ ਭਾਵ ਨੂੰ ਮੁੱਖ ਰੱਖ ਕੇ ਮਹਾਂ ਕਵਿ ਭਾਈ ਗੁਰਦਾਸ ਜੀ ਨੇ ਵਾਰਾਂ ਗਿਆਨ-ਰਤਨਾਵਲੀ ਵਿਚ ਗੁਰਮੁਖ ਦੀ ਤਾਰੀਫ਼ ਕਰਦਿਆਂ ਸਾਫ਼ ਲਫ਼ਜ਼ਾਂ ਵਿਚ ਕਿਹਾ ਹੈ—

ਹਉ ਤਿਸੁ ਵਿਟਹੁ ਵਾਰਿਆ, ਖਸਮੈ ਦਾ ਭਾਵੈ ਜਿਸੁ ਭਾਣਾ ॥੩॥ (੧੨)

ਅਰਥਾਤ—ਜੋ ਗੁਰਮੁਖ ਸਿਖ ਸਰਬ ਸ਼ਕਤੀਵਾਨ ਅਕਾਲ ਪੁਰਖ ਦੀ ਰਜ਼ਾ ਨੂੰ ਸੱਤਿ ਵਚਨ ਆਖ, ਸਿਰ ਮੱਥੇ ਪ੍ਰਵਾਨ ਕਰੇ ਤੇ ਭਾਣੇ ਵਿਚ ਚੱਲੇ, ਉਹੋ ਖਸਮ ਦੇ ਦਰ ਕਬੂਲ ਹੈ ਤੇ ਮੈਂ ਉਸ ਦੇ ਕੁਰਬਾਨ ਜਾਂਦਾ ਹਾਂ (ਰੱਬ ਦੀ ਰਜ਼ਾ ਉਤੇ ਰਾਜ਼ੀ ਰਹਿਣ ਦਾ ਉਪਦੇਸ਼ ਕਰਦਿਆਂ ਜਗਤ-ਸੁਧਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਰਾਹੀਂ ਇਸੇ ਤਰ੍ਹਾਂ ਫੁਰਮਾਇਆ ਹੈ—

ਰਬ ਕੀ ਰਜਾਇ ਮੰਨੇ ਸਿਰ ਉਪਰਿ, ਕਰਤਾ ਮੰਨੇ ਆਪੁ ਗਵਾਵੈ ॥੧॥੮॥

ਸਲੋਕੁ ਮ: ੧, ਵਾਰ ਮਾਝ, ਪੰਨਾ ੧੪੧

ਭਾਵ ਇਹ ਹੈ ਕਿ ਰੱਬ ਦੀ ਰਜ਼ਾ ਵਿਚ ਹਰ ਤਰ੍ਹਾਂ ਰਾਜ਼ੀ ਰਹਿ ਕੇ ਕਰਤਾਰ ਸਿਰਜਣਹਾਰ ਨੂੰ ਮੰਨੇ ਤੇ ਆਪਾ-ਭਾਵ ਅਰਥਾਤ, ਹਉਮੈ ਦਾ ਨਾਸ਼ ਕਰੇ, ਇਹੋ ਜੀਵਾਤਮਾ ਦੀ ਕਲਿਆਣ ਦਾ ਸਹੀ ਰਸਤਾ ਹੈ। ਇਸ ਤੋਂ ਅੱਗੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸੇ ਕਥਨ ਦੀ ਪ੍ਰੋੜ੍ਹਤਾ ਨਿਮਿੱਤ ਰਾਗ ਸੂਹੀ ਵਿਚ "ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸਿ ਜੀਉ ॥* ਕਹਿ ਕੇ ਪ੍ਰਾਣੀ ਨੂੰ ਭਾਣੇ ਵਿਚ ਰਹਿਣ ਦਾ ਆਦੇਸ਼ ਦਿੰਦਿਆਂ ਗਰੀਬੀ ਤੇ ਅਮੀਰੀ ਦਾ ਅਜਿਹਾ ਸਜੀਵ ਚਿਤ੍ਰ ਖਿਚਿਆ ਹੈ ਜਿਸ ਨੂੰ ਦੇਖ ਕੇ ਆਤਮਿਕ-ਉੱਚ-ਮੰਡਲਾਂ ਦੇ ਪੰਧਾਊ ਆਪਣੇ ਆਪ ਹੀ "ਵਾਹਵਾ" ਕਹਿ ਉਠਦੇ ਹਨ।

ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸੇ ਆਦਰਸ਼ ਨੂੰ ਅਪਣਾਇਆ ਤੇ ਡੰਕੇ ਦੀ ਚੋਟ ਨਾਲ ਸਭ ਸਿਖਾਂ ਨੂੰ ਭਾਣਾ ਮੰਨਣ ਦਾ ਉਪਦੇਸ਼ ਦਿੱਤਾ ਹੈ—

ਸੋ ਸਿਖੁ ਸਖਾ ਬੰਧਪੁ ਹੈ ਭਾਈ ਜੋ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ, ਵਿਛੁੜਿ ਚੋਟਾ ਖਾਵੈ ॥
ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ, ਫਿਰਿ ਫਿਰਿ ਪਛੋਤਾਵੈ ॥੧॥

ਸੋਰਠਿ ਮਹਲਾ ੩, ਪੰਨਾ ੬੦੧-੦੨

ਤੇ ਇਹ ਵੀ ਕਿਹਾ ਹੈ ਕਿ—

ਭਾਣੇ ਜੇਵਡ ਹੋਰ ਦਾਤਿ ਨਾਹੀ ਸਚੁ ਆਖਿ ਸੁਣਾਇਆ ॥੧੧॥ ਮਾਰੂ ਵਾਰ ਮ: ੩, ੧੦੬੩
ਭਾਣੈ ਵਿਚਿ ਕੋ ਵਿਰਲਾ ਆਇਆ ॥੧॥੬॥੨੦॥ ਮਾਰੂ ਮਹਲਾ ੩, ਪੰਨਾ ੧੦੬੩

ਪਰ ਜੋ ਵਿਅਕਤੀ ਇਸ ਗੁਰੂ-ਹੁਕਮ ਤੋਂ ਵਿਰੁੱਧ ਚਲਦਾ ਹੈ, ਸਜ਼ਾ ਦਾ ਭਾਗੀ ਹੁੰਦਾ ਹੈ, ਜਿਵੇਂ ਕਿ ਗੁਰਵਾਕ ਹੈ— ਭਾਣੈ ਚਲੈ ਆਪਣੈ ਬਹੁਤੀ ਲਹੈ ਸਜਾਇ ॥
ਰੈਣਾਇਰ ਮਹਿ ਸਭੁ ਕਿਛੁ ਹੈ, ਕਰਮੀ ਪਲੈ ਪਾਇ ॥੧॥੭॥

ਸਲੋਕੁ ਮ: ੩, ਵਾਰ ਰਾਮਕਲੀ, ਪੰਨਾ ੯੪੯

---

*ਸੂਹੀ ਮ: ੧, ਸੁਚਜੀ, ਪੰਨਾ ੭੬੨



www.AKJ.Org

ਇਹ ਮਹਾਂਵਾਕ ਕੇਵਲ ਕਥਨੀ ਮਾਤ੍ਰ ਹੀ ਨਹੀਂ, ਸਗੋਂ ਆਪ ਸ੍ਰੀ ਗੁਰੂ ਅਮਰਦਾਸ ਜੀ ਮਨ, ਵਚਨ, ਕਰਮ ਤੋਂ ਇਨ੍ਹਾਂ ਉਤੇ ਅਮਲ ਕਰਦੇ ਸਨ। ਇਸੇ ਕਾਰਨ ਉਨ੍ਹਾਂ ਨੇ ਆਪਣੇ ਅੰਤ-ਕਾਲ ਸਮੇਂ ਸਾਰੇ ਪਰਿਵਾਰ ਨੂੰ ਭਾਣਾ ਮੰਨਣ ਦੀ ਹਦਾਇਤ ਕੀਤੀ, ਜਿਵੇਂ ਕਿ ਬਾਬਾ ਸੁੰਦਰ ਜੀ ਗਵਾਹੀ ਦੇਂਦੇ ਹਨ—

ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ ॥
ਮਤ ਮੈ ਪਿਛੈ ਕੋਈ ਰੋਵਸੀ, ਸੋ ਮੈ ਮੂਲਿ ਨ ਭਾਇਆ ॥.. ......੪॥
ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ ॥੫॥
ਰਾਮਕਲੀ ਸਦੁ, ਪੰਨਾ ੯੨੩

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਵੀ, ਜੋ ਕਿ ਗੁਰੂ ਅਮਰ-ਵੰਸ਼ ਨਾਲ ਰਿਸ਼ਤੇ ਵਜੋਂ ਲਹੂ-ਮਾਸ ਦਾ ਸੰਬੰਧ ਰਖਦੇ ਸਨ, ਅਕਾਲੀ ਰਜ਼ਾ ਦੇ ਇਸੇ ਤਜਰਬੇ ਵਜੋਂ ਆਪਣੀ ਬਾਣੀ ਵਿਚ ਇਕ ਥਾਵੇਂ ਸਾਫ਼ ਲਿਖਦੇ ਹਨ ਕਿ ਦੈਵ ਦੀ ਗਤਿ ਅਟੱਲ ਹੈ ਤੇ ਹੋਣੀ ਪ੍ਰਬਲ ਹੈ, ਇਸ ਲਈ—

ਅਨਿਕ ਉਪਾਵ ਚਿਤਵੀਅਹਿ ਬਹੁਤੇਰੇ, ਸਾ ਹੋਵੈ ਜਿ ਬਾਤ ਹੋਵੈਨੀ ॥
ਅਪਨਾ ਭਲਾ ਸਭੁ ਕੋਈ ਬਾਛੈ, ਸੋ ਕਰੇ ਜਿ ਮੈਰੈ ਚਿਤਿ ਨ ਚਿਤੈਨੀ ॥੨॥੫॥
ਬਿਲਾਵਲੁ ਮਹਲਾ ੪, ਪੰਨਾ ੮੦੦

ਇਸੇ ਤਰ੍ਹਾਂ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਭਾਣੇ ਰੂਪ ਰੱਬੀ ਹੁਕਮ ਨੂੰ ਸਤਿ ਕਰ ਕੇ ਮੰਨਿਆ, ਤੇ ਫ਼ੁਰਮਾਇਆ ਹੈ—

ਤੇਰਾ ਕੀਤਾ ਜਿਸੁ ਲਾਗੈ ਮੀਠਾ ॥
ਘਟਿ ਘਟਿ ਪਾਰਬ੍ਰਹਮੁ ਤਿਨਿ ਜਨਿ ਡੀਠਾ ॥੨॥੩॥੩੭॥ ਮਾਝ ਮਹਲਾ ੫, ਅਸਟਪਦੀ, ੧੩੧
ਉਲਾਹਨੋ ਮੈ ਕਾਹੂ ਨ ਦੀਓ ॥
ਮਨ ਮੀਠ ਤੁਹਾਰੋ ਕੀਓ ॥੧॥ ਰਹਾਉ ॥ ਨਟ ਮਹਲਾ ੫ ਦੁਪਦੇ, ਪੰਨਾ ੯੭੮

ਗੁਰੂ ਜੀ ਦੇ ਇਨ੍ਹਾਂ ਮਹਾਵਾਕਾਂ ਦੀ ਗੁਰ-ਇਤਿਹਾਸ ਤੋਂ ਵੀ ਤਸਦੀਕ ਹੁੰਦੀ ਹੈ ਕਿ ਉਹ ਰੱਬੀ ਰਜ਼ਾ ਦੇ ਅਮਲੀ ਤੌਰ ਤੇ ਪਾਬੰਦ ਸਨ। ਮਿਸਾਲ ਵਜੋਂ ਇਕ ਵੇਰ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਕਿਸੇ ਸਿੱਖ ਨੇ ਕਿਸੇ ਅਜਿਹੇ ਗੁਰਮੁਖ ਦੇ ਦਰਸ਼ਨ ਕਰਨ ਦੀ ਇੱਛਾ ਪ੍ਰਗਟ ਕੀਤੀ ਤਾਂ ਗੁਰੂ ਜੀ ਨੇ ਉਸ ਨੂੰ ਗੁਜਰਾਤ ਦੇ ਸਥਾਨ ਭਾਈ ਭਿਖਾਰੀ ਪਾਸ ਭੇਜ ਦਿਤਾ। ਜਦ ਉਹ ਸਿੱਖ ਉਥੇ ਗਿਆ ਤਾਂ ਅੱਗੇ ਭਾਈ ਭਿਖਾਰੀ ਦੇ ਘਰ ਇਕ ਪਾਸੇ ਤਾਂ ਪੁਤਰ ਦੀ ਸ਼ਾਦੀ ਕਾਰਨ ਅਨੰਦ ਮੰਗਲਾਚਾਰ ਹੋ ਰਹੇ ਸਨ ਤੇ ਦੂਜੇ ਬੰਨੇ ਭਾਣੇ ਨੂੰ ਮਿੱਠਾ ਕਰ ਮੰਨਣ ਵਾਲੇ ਭਾਈ ਸਾਹਿਬ ਖ਼ੁਦ ਇਕ ਸਿੜ੍ਹੀ ਤਿਆਰ ਕਰ ਰਹੇ ਸਨ। ਠੀਕ ਸ਼ਾਦੀ ਤੋਂ ਅਗਲੇ ਦਿਨ ਇਹੋ ਗੱਲ ਹੋਈ ਕਿ ਚਾਣਚਕ ਭਾਈ ਹੋਰਾਂ ਦੇ ਪੁਤਰ ਦਾ ਸੁਰਗਵਾਸ ਹੋਣ ਤੇ ਫਿਰ ਉਹੋ ਸਿੜ੍ਹੀ ਉਸ ਮ੍ਰਿਤਕ ਦੇ ਸਸਕਾਰ ਦੇ ਕੰਮ ਆਈ। ਇਸ ਹਾਲਤ ਵਿਚ ਭਾਈ ਭਿਖਾਰੀ ਦੇ ਘਰ ਹਰਖ-ਸੋਗ ਇਕੱਠੇ ਹੀ ਦੇਖ ਤੇ ਉਸ ਭਾਣੇ ਨੂੰ ਮਿੱਠਾ ਕਰਕੇ ਮੰਨਣ ਕਾਰਨ ਉਹ ਸਿੱਖ ਦੰਗ ਰਹਿ ਗਿਆ ਤੇ ਬੜਾ ਅਸਚਰਜ ਹੋ ਕੇ ਗੁਰੂ ਜੀ ਦੇ ਪਾਸ ਵਾਪਸ ਪਰਤ ਆਇਆ।

ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਲਾਹੌਰ ਦੇ ਸਥਾਨ ਪਰ ਲੂੰ-ਕੰਡੇ ਕਰਨ ਵਾਲਾ ਦਰਦਨਾਕ ਸ਼ਹੀਦੀ ਸਾਕਾ ਅਤੇ ਉਨ੍ਹਾਂ ਤੋਂ ਪਿਛੋਂ ਸੰਮਤ 1732 ਬਿ: ਵਿਚ ਨੌਵੇਂ ਗੁਰੂ ਤੇਗ ਬਹਾਦੁਰ ਜੀ ਦਾ ਦਿੱਲੀ ਵਿਚ ਆਤਮ-ਬਲੀਦਾਨ ਦੇਣਾ ਅਤੇ ਹੋਰ ਸਾਥੀ ਸਿੱਖਾਂ ਨੂੰ ਬੰਦੀਖਾਨੇ ਵਿਚ ਬੜੇ ਭਿਆਨਕ ਤਸੀਹੇ ਆਦਿ ਅਜਿਹੀਆਂ ਦੁਖਦਾਈ ਘਟਨਾਵਾਂ ਹਨ, ਜੋ ਰੱਬੀ ਭਾਣੇ ਨਾਲ ਪੂਰੀ ਤਰ੍ਹਾਂ ਸੰਬੰਧਿਤ ਹੋਣ ਕਰਕੇ ਗੁਰ-ਇਤਿਹਾਸ ਦਾ ਅੰਗ ਬਣੀਆਂ ਹੋਈਆਂ ਹਨ। ਆਤਮਕ ਸ਼ਕਤੀ ਸੰਪੰਨ ਭਾਈ ਮਤੀਦਾਸ ਦੇ ਆਰੇ ਨਾਲ


www.AKJ.Org

ਚੀਰੇ ਜਾਣ ਤੋਂ ਪਹਿਲਾਂ ਉਸ ਦਾ ਇਹ ਖੜਕਵਾਂ ਕਥਨ ਕਿ—

ਗੁਰ ਆਗਿਆ ਨਹੀਂ ਦੇਤ ਹੈ, ਨਹੀਂ ਤਾਂ ਦਿਆਂ ਦਿਖਾਇ।
ਦਿੱਲੀ ਅਤੇ ਲਾਹੌਰ ਦੀ ਇੱਟ ਇੱਟ ਦਿਆਂ ਵਜਾਇ॥

ਅਨੁਸਾਰ ਉਸਦੇ ਹੁਕਮ ਅਤੇ ਉਸ ਦੀ ਰਜ਼ਾ ਵਿਚ ਚੱਲਣ ਦਾ ਹੀ ਇਕ ਉੱਜਲ ਉਦਾਹਰਣ ਹੈ।

ਇਸੇ ਤਰ੍ਹਾਂ ਸੰਮਤ ੧੭੬੧ ਬਿ: ਵਿਚ ਸ੍ਰੀ ਆਨੰਦਪੁਰ ਦੇ ਆਖ਼ਰੀ ਜੰਗ ਸਮੇਂ ਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜਿਵੇਂ ਕਿ ਬੰਸਾਵਲੀ ਨਾਮੇ ਦਾ ਕਥਨ ਹੈ, ਚਾਹੁੰਦੇ ਤਾਂ ਆਪਣੇ ਚਾਰੇ ਸਾਹਿਬਜ਼ਾਦਿਆਂ ਨੂੰ ਕਿਤੇ ਦੂਰ ਸੁਰੱਖਿਅਤ ਥਾਵੇਂ ਭੇਜ ਸਕਦੇ ਸਨ, ਪਰ ਉਨ੍ਹਾਂ ਨੇ ਅਕਾਲੀ ਹੁਕਮ ਅਨੁਸਾਰ ਭਾਣੇ ਨੂੰ ਮਿਠਾ ਮੰਨ ਕੇ ਅਜਿਹਾ ਕਰਨਾ ਪ੍ਰਵਾਨ ਨਹੀਂ ਕੀਤਾ, ਜਿਸ ਕਰਕੇ ਦੋ ਵੱਡੇ ਸਾਹਿਬਜ਼ਾਦੇ ਤਾਂ ਚਮਕੌਰ ਦੇ ਜੰਗ ਸਮੇਂ ਤੇ ਦੋ ਛੋਟੇ ਸਾਹਿਬਜ਼ਾਦੇ ਮਾਤਾ ਗੁਜਰੀ ਸਮੇਤ ਸ਼ਹੀਦ ਹੋਣ ਤੇ ਵੀ ਉਹ ਡੋਲੇ ਨਹੀਂ, ਸਗੋਂ ਥੋੜ੍ਹਾ ਚਿਰ ਬਾਅਦ ਹੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਜਾ ਕੇ ਉਨ੍ਹਾਂ ਨੇ ਮਾਤਾ ਸੁੰਦਰੀ ਜੀ ਦੇ ਪੁੱਛਣ ਤੇ ਭਰੀ ਸੰਗਤਿ ਵਿਚ ਸਾਫ ਕਹਿ ਦਿਤਾ ਕਿ—

ਇਨ ਪੁਤਰਨ ਕੇ ਵਾਸਤੇ ਵਾਰ ਦੀਏ ਸੁਤ ਚਾਰ।
ਚਾਰ ਗਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ।

ਤੇ ਨਾਲ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਮਹਾਂਵਾਕ ਵੀ ਦੁਹਰਾਇਆ—

ਜੋ ਤੁਧੁ ਭਾਵੈ ਸਾਈ ਭਲੀ ਕਾਰ॥
ਤੂ ਸਦਾ ਸਲਾਮਤਿ ਨਿਰੰਕਾਰ॥੧੯॥ ਜਪੁਜੀ

ਤੇ ਫੇਰ ਅਰਦਾਸੇ ਵਜੋਂ ਸ਼ਰਧਾ ਭਾਵ ਸਹਿਤ ਫੁਰਮਾਇਆ—

ਗੁਰੂ ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ॥

(ਆਲ ਇੰਡੀਆ ਰੇਡੀਓ ਦੇ ਧੰਨਵਾਦ ਸਹਿਤ

---

## ਸ੍ਰੀਮਤੀ ਬੀਬੀ ਜੋਗਿੰਦਰ ਕੌਰ ਜੀ ਦਾ ਅਕਾਲ ਚਲਾਣਾ

ਭਾਈ ਫੌਜਾ ਸਿੰਘ ਜੀ ਸ਼ਹੀਦ ਦੇ ਧਰਮ-ਮਾਤਾ ਬੀਬੀ ਜੋਗਿੰਦਰ ਕੌਰ ਜੀ ਮਿਤੀ ੫-੭-੮੩ ਨੂੰ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦੀ, ਗੁਰੂ ਕੇ ਲੰਗਰ ਵਿਚ ਅਣਥੱਕ ਸੇਵਾ ਅਤੇ ਗੁਰਸਿਖਾਂ ਨਾਲ ਨਿੱਘਾ ਵਤੀਰਾ ਸਭ ਨੂੰ ਹਮੇਸ਼ਾ ਯਾਦ ਰਹੇਗਾ। ਵਾਹਿਗੁਰੂ ਉਨ੍ਹਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਸਦੀਵੀ ਨਿਵਾਸ ਬਖਸ਼ਣ।

---

## ਗੁਰਬਾਣੀ ਅਤੇ ਖਾਲਸਾ ਰਹਿਤ ਬਹਿਤ ਪ੍ਰਚਾਰਨ ਹਿਤ ਵਜ਼ੀਫੇ

ਸਕੂਲਾਂ ਕਾਲਜਾਂ ਦੇ ਅੰਮ੍ਰਿਤਧਾਰੀ, ਰਹਿਤ ਬਹਿਤ ਵਾਲੇ ਅਤੇ ਕੰਠਾਗਰ ਬਾਣੀਆਂ ਦੇ ਨਿਤਨੇਮੀ ਬੱਚੇ-ਬੱਚੀਆਂ ਲਈ ੫੦/-, ੮੦/- ਅਤੇ ੧੦੦/- ਰੁਪਏ ਮਹੀਨੇ ਦੇ ਵਜ਼ੀਫੇ ਨੀਯਤ ਕੀਤੇ ਗਏ ਹਨ। ਫ਼ਾਰਮ ਭੇਜਣ ਦੀ ਤਰੀਕ ਇਸ ਸਾਲ ੧੫ ਅਗਸਤ ਤਕ ਕਰ ਦਿਤੀ ਗਈ ਹੈ, ਕਿਉਂਕਿ ਹੋਰ ਅਖਬਾਰਾਂ ਵਿਚ ਵੇਲੇ ਸਿਰ ਇਹ ਸੂਚਨਾ ਨਹੀਂ ਭੇਜੀ ਜਾ ਸਕੀ ਸੀ। ਹੇਠ ਲਿਖੇ ਪਤੇ ਤੇ ਇਕ ਰੁਪਏ ਦਾ ਮਨੀਆਰਡਰ ਭੇਜ ਕੇ ਫ਼ਾਰਮ ਤੇ ਨਿਯਮ ਮੰਗਾਓ——

ਮਾਸਟਰ ਹਰਬੰਸ ਸਿੰਘ ਜੀ, ਕੋ-ਆਪਟਿਡ ਮੈਂਬਰ
ਭਾ: ਸਾ: ਭਾਈ ਰਣਧੀਰ ਸਿੰਘ ਸਕਾਲਰਸ਼ਿਪ ਬੋਰਡ (ਅਖੰਡ ਕੀਰਤਨੀ ਜਥਾ)
ਮਾਰਫ਼ਤ ਨਵਯੁਗ ਪ੍ਰੈਸ, ਚਾਂਦਨੀ ਚੌਕ, ਦਿਲੀ—੬


www.AKJ.Org

# ਨਾਟਕ, ਫ਼ਿਲਮਾਂ ਤੇ ਸਿੱਖ ਮੱਤ

[ਵਲੋਂ—ਡਾ: ਕੁੰਦਨ ਸਿੰਘ ਜੀ ਐਮ.ਐਸ-ਸੀ., ਪੀ-ਐਚ.ਡੀ., ਲੁਧਿਆਣਾ]

ਜੂਨ ੧੯੮੩ ਦੇ 'ਸੂਰਾ' ਮਾਸਕ ਪਤਰ ਵਿਚ ਇਕ ਲੇਖ **"ਸਿਖ ਇਤਿਹਾਸ ਦੇ ਡਰਾਮੇ ਜਾਂ ਫ਼ਿਲਮਾਂ"** ਦੇ ਵਿਰੋਧ ਵਿਚ ਛਪਿਆ ਸੀ। ਇਸ ਤੋਂ ਪਹਿਲਾਂ ਇਹ ਲੇਖ ਜੂਨ ੮੨ ਵਿਚ 'ਸੱਚਖੰਡ ਪੱਤਰ' ਵਿਚ ਛਪ ਚੁਕਾ ਸੀ। ਇਸ ਲੇਖ ਦੇ ਖੰਡਨ ਵਿਚ ਪ੍ਰਿੰਸੀਪਲ ਸ. ਸ. ਅਮੋਲ ਜੀ ਵਲੋਂ ਇਕ ਲੇਖ 'ਸੱਚਖੰਡ ਪੱਤਰ' ਵਿਚ ਅਤੇ ਫਿਰ 'ਗੁਰਮਤਿ ਪ੍ਰਕਾਸ਼' ਤੇ 'ਦੇਸ਼ ਪੰਜਾਬ' ਵਿਚ ਵੀ ਛਾਪਿਆ ਗਿਆ। ਅਮੋਲ ਜੀ ਦੇ ਉਸ ਲੇਖ ਦੇ ਜੁਆਬ ਵਿਚ ਡਾਕਟਰ ਕੁੰਦਨ ਸਿੰਘ ਜੀ ਦਾ ਲੇਖ ਪਾਠਕਾਂ ਦੀ ਭੇਟ ਕੀਤਾ ਜਾ ਰਿਹਾ ਹੈ।

ਅਸੀਂ ਆਪਣੇ ਪਿਛਲੇ ਕਈ ਅੰਕਾਂ ਵਿਚ ਤਸਵੀਰਾਂ, ਡਰਾਮਿਆਂ ਅਤੇ ਸਿਨਮਿਆਂ ਦੀਆਂ ਫਿਲਮਾਂ ਆਦਿ ਬਾਰੇ ਕਈ ਲੇਖ ਦਿੰਦੇ ਰਹੇ ਹਾਂ। ਆਉਂਦੇ ਪਰਚਿਆਂ ਵਿਚ ਅਸੀਂ ਇਸ ਸੰਬੰਧ ਵਿਚ ਗੁਰਬਾਣੀ ਦੀ ਰੌਸ਼ਨੀ ਵਿਚ ਹੋਰ ਚਾਨਣਾ ਪਾਉਣ ਦਾ ਜਤਨ ਕਰਾਂਗੇ।

—ਸੰਪਾਦਕ

ਪ੍ਰਿੰਸੀਪਲ ਸ. ਸ. ਅਮੋਲ ਜੀ ਦਾ ਦਸੰਬਰ ੧੯੮੨ ਦੇ "ਸੱਚਖੰਡ ਪੱਤਰ" ਵਿਚ 'ਨਾਟਕ ਫਿਲਮ ਤੇ ਸਿੱਖ ਮਤ' ਪਰਥਾਏ ਲੇਖ ਪੜਤਾਲ ਦਾ ਮੁਥਾਜ ਹੈ। ਆਪ ਲੇਖ ਦੇ ਸ਼ੁਰੂ ਵਿਚ ਹੀ ਲਿਖਦੇ ਹਨ "ਕਈ ਪ੍ਰੇਮੀ ਪ੍ਰਤੀਨਿਧ ਪੰਥਕ ਸੰਸਥਾਵਾਂ ਦੇ ਚਿਰਾਂ ਤੋਂ ਹੋਏ ਤੇ ਵਰਤੇ ਜਾਂਦੇ ਨਿਰਣਿਆਂ ਨੂੰ ਵੀ ਨਜ਼ਰੋਂ ਉਹਲੇ ਕਰਕੇ ਆਪਣੇ ਹੀ ਨਿਰਣੇ ਦੇ ਦਿੰਦੇ ਹਨ।" ਅੱਗੇ ਜਾ ਕੇ ਆਪ ਲਿਖਦੇ ਹਨ :

"ਪੰਥ ਦੀਆਂ ਮੁਖੀ ਸੰਸਥਾਵਾਂ ਜਾਂ ਹੋਰ ਕਿਸੇ ਪ੍ਰਤੀਨਿਧ ਸਿੱਖ ਜਥੇਬੰਦੀ ਨੇ ਸਿੱਖ ਇਤਿਹਾਸ ਸਬੰਧੀ ਫਿਲਮਾਂ, ਨਾਟਕ ਜਾਂ ਤਸਵੀਰਾਂ ਬਨਾਉਣ ਦੀ ਮਨਾਹੀ ਨਹੀਂ ਕੀਤੀ, ਸਗੋਂ ਕਾਫੀ ਵਿਚਾਰ ਪਿਛੋਂ ਗੁਰੂ ਸਾਹਿਬਾਨ, ਸ਼ਹੀਦਾਂ ਤੇ ਕੁਝ ਹੋਰ ਇਤਿਹਾਸਕ ਵਿਅਕਤੀਆਂ ਦਾ ਸਾਂਗ ਬਣਾ ਕੇ ਸਟੇਜ ਜਾਂ ਫਿਲਮ ਵਿਚ ਦਿਖਾਉਣ ਉਤੇ ਬੰਦਸ਼ ਲਾਈ ਹੈ।"

ਇਸ ਸਬੰਧ ਵਿਚ ਆਪਣੇ ਵਲੋਂ ਕੁਝ ਕਹਿਣ ਦੀ ਬਜਾਏ ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਨਿਯੁਕਤ ਧਾਰਮਕ ਸਲਾਹਕਾਰ ਕਮੇਟੀ, ਜਿਸ ਵਿਚ ਹੇਠ ਲਿਖੇ ਮੰਨੇ ਪਰਮੰਨੇ ਉਘੇ ਸਿੱਖ ਵਿਦਵਾਨ ਸ਼ਾਮਲ ਸਨ :– (੧) ਭਾਈ ਸਾਹਿਬ ਕਾਹਨ ਸਿੰਘ ਨਾਭਾ (੨) ਪ੍ਰਿੰਸੀਪਲ ਭਾਈ ਜੋਧ ਸਿੰਘ ਜੀ (੩) ਪ੍ਰਿੰ: ਤੇਜਾ ਸਿੰਘ ਜੀ (੪) ਪ੍ਰੋ: ਧਰਮਾਨੰਤ ਸਿੰਘ ਜੀ ਅਤੇ (੫) ਸਿੰਘ ਸਾਹਿਬ ਭਾਈ ਮੋਹਣ ਸਿੰਘ ਜੀ, ਨੇ ੨੦ ਫਰਵਰੀ ੧੯੩੪ ਨੂੰ ਇਹ ਰਾਇ ਦਿਤੀ ਸੀ, ਜੋ ਕਿ ਖਾਸ ਤੌਰ ਤੇ ਧਿਆਨ ਦੇਣ ਯੋਗ ਹੈ–

"ਗੁਰੂ ਸਾਹਿਬਾਨ, ਸਿੱਖ ਸ਼ਹੀਦਾਂ ਆਦਿ ਮਹਾਂ ਪੁਰਖਾਂ ਦੀਆਂ ਇਤਿਹਾਸਕ ਸਾਖੀਆਂ ਦੇ ਸੀਨਜ਼ ਅਤੇ ਸਿੱਖ ਸੰਸਕਾਰਾਂ ਦੀਆਂ ਨਕਲਾਂ ਦੀਆਂ ਵਿਲਮਾਂ ਬਨਾਉਣੀਆਂ ਸਿੱਖ ਅਸੂਲਾਂ ਵਿਰੁੱਧ ਹੈ।"

ਇਸੇ ਕਮੇਟੀ ਨੇ ੭ ਅਗਸਤ ੧੯੪੦ ਨੂੰ ਮੁੜ ਪਾਸ ਕੀਤਾ ਸੀ :

"ਧਾਰਮਕ ਸਲਾਹਕਾਰ ਕਮੇਟੀ ਦੀ ਰਾਇ ਵਿਚ ਅਕਾਲ ਪੁਰਖ, ਦਸ ਗੁਰੂ ਸਾਹਿਬਾਨ, ਉਹਨਾਂ ਦੇ ਮਹਿਲ, ਸਾਹਿਬਜ਼ਾਦੇ ਤੇ ਸਾਹਿਬਜ਼ਾਦੀਆਂ ਅਤੇ **ਗੁਰੂ ਗ੍ਰੰਥ ਸਾਹਿਬ ਜੀ ਨੂੰ ਸਟੇਜ ਤੇ ਨਹੀਂ ਲਿਆਂਦਾ ਜਾ ਸਕਦਾ।**"



www.AKJ.Org

ਇਹਨਾਂ ਫੈਸਲਿਆਂ ਦੀ ਰੋਸ਼ਨੀ ਵਿਚ ਪਾਠਕ ਆਪ ਹੀ ਵਿਚਾਰ ਲੈਣ ਕਿ ਪੰਥ ਵਲੋਂ ਚਿਰਾਂ ਤੋਂ ਲਏ ਗਏ ਨਿਰਣਿਆਂ ਨੂੰ ਕੌਣ ਨਜ਼ਰ-ਅੰਦਾਜ਼ ਕਰ ਰਿਹਾ ਹੈ? ਅਮੋਲ ਸਾਹਿਬ ਜਾਂ ਫਿਲਮਾਂ ਬਣਾਏ ਜਾਣ ਦੇ ਵਿਰੋਧ ਵਿਚ ਆਵਾਜ਼ ਉਠਾਉਣ ਵਾਲੇ ਸੱਜਣ? ਅਮੋਲ ਸਾਹਿਬ ਇਹ ਤਾਂ ਮੰਨਦੇ ਹਨ ਕਿ 'ਗੁਰੂ ਸਾਹਿਬਾਨ, ਸ਼ਹੀਦਾਂ..... ਦੇ ਸਾਂਗ ਬਣਾ ਕੇ ਸਟੇਜ ਜਾਂ ਫਿਲਮ ਵਿਚ ਵਿਖਾਉਣ ਉਤੇ ਬੰਦਸ਼ ਲਾਈ ਹੈ' ਪਰ ਇਹ ਵੀ ਕਹਿੰਦੇ ਹਨ ਕਿ "ਸਿੱਖ ਇਤਿਹਾਸ ਸਬੰਧੀ, ਫਿਲਮਾਂ, ਨਾਟਕ ਜਾਂ ਤਸਵੀਰਾਂ ਬਨਾਉਣ ਦੀ ਮਨਾਹੀ ਨਹੀਂ ਕੀਤੀ।" ਅਮੋਲ ਜੀ ਇਹ ਦੱਸਣ ਦੀ ਕਿਰਪਾ ਕਰਨ ਕਿ ਜੇ ਇਤਿਹਾਸਕ ਵਿਅਕਤੀਆਂ ਦੇ ਸਟੇਜ ਜਾ ਫਿਲਮਾਂ ਵਿਚ ਵਿਖਾਏ ਜਾਣ ਉਤੇ ਬੰਦਸ਼ ਲਾਈ ਗਈ ਹੈ ਤਾਂ ਫਿਲਮਾਂ ਆਦਿ ਦੇ ਬਨਾਉਣ ਦੇ ਕੀ ਅਰਥ ਰਹਿ ਜਾਂਦੇ ਹਨ। ਫਿਲਮਾਂ ਬਕਸਿਆਂ ਵਿਚ ਬੰਦ ਕਰਕੇ ਰੱਖਣ ਲਈ ਤਾਂ ਨਹੀਂ ਬਣਦੀਆਂ। ਫਿਲਮਾਂ ਵਿਖਾਉਣ ਤੇ ਬੰਦਸ਼, ਪਰ ਬਨਾਉਣ ਦੀ ਖੁਲ੍ਹ, ਨੂੰ ਉਹ ਪਰਸਪਰ ਕਿਵੇਂ ਮੇਲਦੇ ਹਨ?

ਅਮੋਲ ਜੀ ਲਿਖਦੇ ਹਨ ਕਿ 'ਸਵਾਂਗ-ਧਾਰੀਆਂ ਦੀ ਲੋਕ ਪੂਜਾ ਕਰਦੇ, ਮੱਥੇ ਟੇਕਦੇ ਤੇ ਸੁਖਣਾ ਸੁੱਖਦੇ ਸਨ, ਇਸ ਲਈ ਗੁਰੂ ਸਾਹਿਬ ਨੂੰ ਇਸ ਦੀ ਵਿਰੋਧਤਾ ਕਰਨੀ ਪਈ।' ਅੱਜ ਕੀ ਗਰੰਟੀ ਹੈ ਕਿ ਇਹ ਕਲਾਕਾਰ ਸਮਾਂ ਪੈਣ ਤੇ ਮੱਥੇ ਨਹੀਂ ਟਿਕਾਉਣਗੇ ਜਾਂ ਪੂਜਾ ਨਹੀਂ ਕਰਾਉਣਗੇ? ਐਸਾ ਹੁੰਦਾ ਅੱਜ ਵੀ ਰਾਮ ਲੀਲ੍ਹਾ ਵਿਚ ਆਮ ਵੇਖਣ ਵਿਚ ਆਉਂਦਾ ਹੈ।

ਅਮੋਲ ਜੀ ਇਸ ਸਦੀ ਦੇ ਅਰੰਭ ਵਿਚ ਰਾਜਾ ਲਖਦਾਤਾ ਸਿੰਘ ਆਦਿ ਨਾਟਕਾਂ ਦੇ ਲਿਖੇ ਗਏ ਹੋਣ ਦਾ ਹਵਾਲਾ ਦਿੰਦੇ ਹੋਏ ਆਪਣੇ ਨੁਕਤੇ ਦੀ ਪੁਸ਼ਟੀ ਕਰਦੇ ਹਨ। ਅਸੀਂ ਨਾਟਕ ਕਲਾ ਦਾ ਕਦੇ ਵੀ ਵਿਰੋਧ ਨਹੀਂ ਕੀਤਾ, ਸਾਡਾ ਨੁਕਤਾ ਤਾਂ ਗੁਰੂ ਸਾਹਿਬਾਨ ਅਤੇ ਹੋਰ ਇਤਿਹਾਸਕ ਮਾਨਵਰ ਹਸਤੀਆਂ ਨੂੰ ਸਟੇਜ ਤਥਾ ਫਿਲਮਾਂ ਵਿਚ ਦਰਸਾਉਣ ਦੇ ਵਿਰੋਧ ਦਾ ਹੀ ਹੈ। ਕਾਰ ਸੇਵਾ, ਗੁਰੂ ਕਾ ਲੰਗਰ, ਸ਼ਸਤਰਾਂ ਦੇ ਅਤੇ ਹੋਰ ਜਲੂਸ, ਨਗਰ ਕੀਰਤਨ ਤੇ ਦੀਵਾਨਾਂ ਜਾਂ ਜਲਸਿਆਂ ਦੇ ਦ੍ਰਿਸ਼ ਫਿਲਮਾਉਣ ਨੂੰ ਕੌਣ ਰੋਕਦਾ ਹੈ? ਇਉਂ ਹੀ ਸੋਸ਼ਲ ਸੁਧਾਰ ਸਬੰਧੀ ਖੇਡੇ ਨਾਟਕ ਯਥਾ "ਸ਼ਰਾਬ ਕੌਰ" ਜਾਂ ਮਸੰਦਾਂ ਦੀਆਂ ਮਾੜੀਆਂ ਕਰਤੂਤਾਂ ਦਰਸਾਉਣ ਸਬੰਧੀ ਖੇਡੇ ਨਾਟਕ ਨੂੰ ਕੌਣ ਅਯੋਗ ਕਹਿੰਦਾ ਹੈ। 'ਅੰਮ੍ਰਿਤਸਰ ਸਿਫਤੀ ਦਾ ਘਰ' ਜਿਸ ਦੇ ਵਿਚ ਗੁਰੂ ਕੇ ਲੰਗਰ ਦੇ ਦ੍ਰਿਸ਼ ਅਤੇ ਇਤਿਹਾਸਕ ਗੁਰਦੁਆਰਿਆਂ ਦੀਆਂ ਤਸਵੀਰਾਂ ਆਦਿ ਜੋ ਦਰਸ਼ਕ ਦੇ ਮਨ ਤੇ ਡੂੰਘਾ ਪ੍ਰਭਾਵ ਛੱਡਦੀਆਂ ਹਨ, ਦੇ ਵਿਰੋਧ ਦੀ ਤਾਂ ਅਸਾਂ ਕੋਈ ਗੱਲ ਹੀ ਨਹੀਂ ਕੀਤੀ।

ਨਾਟਕ ਕਲਾ ਦੀ ਵਡਿਆਈ ਜਤਾਉਂਦੇ ਹੋਇ ਅਮੋਲ ਜੀ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਰਚਿਤ 'ਬਚਿਤ੍ਰ ਨਾਟਕ' ਦਾ ਹਵਾਲਾ ਦਿਤਾ ਹੈ। ਗੁਰੂ ਸਾਹਿਬ ਦੀ ਦ੍ਰਿਸ਼ਟੀ ਅੰਦਰ ਤਾਂ ਸਾਰਾ ਸੰਸਾਰ ਹੀ ਇਕ 'ਜਗਤ ਤਮਾਸ਼ਾ' ਸੀ, ਜਿਸਦੇ ਵੇਖਣ ਲਈ ਉਹ ਏਥੇ ਆਏ ਸਨ। ਉਹ ਤਾਂ ਸਾਰੀ ਕਾਲ ਰਚਨਾ ਨੂੰ ਹੀ "ਸਕਲ ਕਾਲ ਕਾ ਕੀਆ ਤਮਾਸਾ" ਦੱਸਦੇ ਹਨ, ਜਿਸ ਵਡੇ ਤਮਾਸ਼ੇ ਅੰਦਰ ਉਹਨਾਂ ਦਾ ਜੀਵਨ (ਪੂਰਬਲੇ ਜਨਮ ਸਮੇਤ) ਇਕ ਵਚਿਤ੍ਰ ਤਮਾਸ਼ਾ ਜਾਂ ਖੇਲ੍ਹ ਤਥਾ ਨਾਟਕ ਹੀ ਸੀ, ਜਿਸ ਕਾਰਨ ਉਨ੍ਹਾਂ ਨੇ ਆਪਣੀ ਜੀਵਨ ਕਥਾ ਨੂੰ 'ਬਚਿਤ੍ਰ ਨਾਟਕ' ਦਾ ਨਾਮ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਵੀ ਇਸ ਤਮਾਸ਼ੇ ਦਾ ਵਰਨਣ 'ਕੀਆ ਖੇਲ ਬਡ ਮੇਲ ਤਮਾਸਾ' ਕਹਿ ਕੇ ਕੀਤਾ ਹੈ। ਪਰ ਐਸਾ ਹਵਾਲਾ ਅਮੋਲ ਸਾਹਿਬ ਦੇ ਨਾਟਕ ਤੇ ਫਿਲਮਾਂ ਦੀ ਵਡਿਆਈ ਦੇ ਵਿਚਾਰ ਨਾਲ ਕਿਵੇਂ ਢੁਕਦਾ ਹੈ—ਸਮਝ ਤੋਂ ਬਾਹਰ ਹੈ।

"ਨਾਨਕ ਨਾਮ ਜਹਾਜ਼" ਫਿਲਮ ਤੋਂ ਅਮੋਲ ਸਾਹਿਬ ਏਨੇ ਪ੍ਰਭਾਵਿਤ ਹਨ ਕਿ ਉਨ੍ਹਾਂ ਅਨੁਸਾਰ 'ਇਹ ਪਹਿਲੀ ਵਾਰੀ ਸੀ ਜਦੋਂ ਲੱਖਾਂ ਲੋਕਾਂ ਨੂੰ ਉਸ ਫਿਲਮ ਰਾਹੀਂ ਗੁਰਬਾਣੀ ਦੀ ਮਿੱਠਤ, ਸਰਬ-ਸਾਂਝੀ ਅਪੀਲ ਤੇ ਅਗੰਮੀ ਰਸ ਦਾ ਆਨੰਦ ਮਿਲਿਆ।' ਇਸ ਦੇ ਮੁਕਾਬਲੇ ਤੇ ਉਹਨਾਂ ਗੁਰਪੁਰਬ ਮਨਾਉਣ ਹਿਤ ਜੁੜਦੀਆਂ ਸਿੱਖ ਸੰਗਤਾਂ ਬਾਰੇ ਇਹ ਲਿਖਣ ਤੋਂ ਭੀ ਸੰਕੋਚ ਨਹੀਂ ਕੀਤਾ "ਕੀ ਗੁਰਪੁਰਬ ਦੇ ਦੀਵਾਨ ਤੇ ਆਏ ਹਜ਼ਾਰਾਂ ਸਿੱਖ ਪ੍ਰਸ਼ਾਦੇ ਛਕ ਕੇ ਤੇ ਡਕਾਰ ਮਾਰ ਕੇ ਘਰੀਂ ਤੁਰ ਜਾਣ ਤੋਂ ਬਿਨਾਂ ਕੋਈ ਹੋਰ ਅਸਰ ਲੈ ਕੇ ਜਾਂਦੇ ਹਨ?"



www.AKJ.Org

ਅਮੋਲ ਸਾਹਿਬ ਨਾਟਕ ਤੇ ਫਿਲਮ ਕਲਾ ਤੋਂ ਏਨੇ ਪ੍ਰਭਾਵਿਤ ਹਨ ਕਿ ਫਿਲਮ ਰਾਹੀਂ ਸੁਣੀ 'ਗੁਰਬਾਣੀ ਦੇ ਅਗੰਮੀ ਰਸ' ਦੇ ਸਾਹਮਣੇ ਗੁਰਪੁਰਬ ਦੇ ਦੀਵਾਨ ਤੇ ਹਾਜ਼ਰੀ ਭਰਨ ਵਾਲੇ ਸਿੰਘਾਂ ਅੰਦਰ ਉਨ੍ਹਾਂ ਨੂੰ "ਡਕਾਰ ਮਾਰ ਕੇ ਘਰੀਂ ਤੁਰ ਜਾਣ" ਤੋਂ ਵੱਧ ਵਡਿਆਈ ਵਾਲੀ ਕੋਈ ਗੱਲ ਨਜ਼ਰ ਨਹੀਂ ਪਈ।

ਇਉਂ ਹੀ ਗੁਰੂ ਘਰ ਦੇ ਗ੍ਰੰਥੀ, ਰਾਗੀ ਤੇ ਪਰਚਾਰਕ ਸਿੰਘ ਅਮੋਲ ਜੀ ਦੀ ਨਜ਼ਰ ਵਿਚ ਫਿਲਮਾਂ ਦੇ "ਟਕਿਆਂ ਦੇ ਯਾਰ" ਐਕਟਰਾਂ ਤੋਂ ਵੱਧ ਹੈਸੀਅਤ ਨਹੀਂ ਰੱਖਦੇ। ਅਮੋਲ ਜੀ ਨੇ ਇਹ ਨੁਕਤਾ ਫੇਰ ਕੇ ਪੇਸ਼ ਕੀਤਾ ਹੈ ਕਿ "ਕੀ ਅੱਜ ਹਰਿਮੰਦਰ ਸਾਹਿਬ ਦੇ ਰਾਗੀ ਕੱਲ ਕਿਸੇ ਗਰੀਬ ਦੀ ਮੌਤ ਉਤੇ ਕੀਰਤਨ ਨਹੀਂ ਕਰ ਸਕਦੇ ਜਾਂ ਕਰਦੇ"। ਹਾਂ ਕਰ ਸਕਦੇ ਹਨ ਅਤੇ ਕਰਦੇ ਹਨ, ਪਰ ਉਹ ਹਮੇਸ਼ਾ ਗੁਰਬਾਣੀ ਦਾ ਹੀ ਕੀਰਤਨ ਜਾਂ ਕਥਾ ਕਰਦੇ ਹਨ, ਇਹ ਨਹੀ ਵੇਖਣ ਵਿਚ ਆਇਆ ਕਿ ਹਰਿਮੰਦਰ ਸਾਹਿਬ ਤੇ ਉਹ ਕੀਰਤਨ ਕਰਨ ਅਤੇ ਹੋਰ ਕਿਤੇ ਉਹ ਗੁਰਬਾਣੀ ਤੋਂ ਬਿਨਾ ਕੁਝ ਹੋਰ (ਢੋਲੇ ਆਦਿ) ਗਾਉਣ ਲੱਗ ਜਾਣ। ਐਸਾ ਕਰਨ ਤੋਂ ਉਹ ਸੰਕੋਚ ਕਰਦੇ ਹਨ। ਪਰ ਫ਼ਿਲਮੀ ਕਲਾਕਾਰਾਂ ਨੂੰ ਜੋ ਰੋਲ ਮਿਲ ਜਾਏ-ਉਹੀ ਕਰ ਲੈਂਦੇ ਹਨ।

ਅਮੋਲ ਜੀ ਨੇ ਏਥੋਂ ਤਕ ਵੀ ਲਿਖਿਆ ਹੈ ਕਿ "ਜੇ ਵਿਆਹ ਫਰਜ਼ੀ ਹੈ ਤਾਂ ਗੁਰੂ ਗ੍ਰੰਥ ਸਾਹਿਬ ਦੀ ਵੀ ਤਾਂ ਤਸਵੀਰ ਹੀ ਹੁੰਦੀ ਹੈ। ਜੇ ਪਤਾ ਹੀ ਹੈ ਕਿ ਵਿਆਹ ਫਰਜ਼ੀ ਹੈ ਤਾਂ ਕੋਈ ਧੋਖਾ ਤੇ ਮਖੌਲ ਬਿਲਕੁਲ ਨਹੀਂ।" ਗੁਰੂ ਗ੍ਰੰਥ ਸਾਹਿਬ ਦੀ ਤਸਵੀਰ ਵੀ ਤਾਂ ਅਸਲੀ ਬੀੜ ਤੋਂ ਹੀ ਲਈ ਜਾਂਦੀ ਹੈ। ਬਲਕਿ ਪਾਠੀ ਸਿੰਘ ਲਾਵਾਂ ਪੜ੍ਹਦੇ ਅਤੇ ਪੰਨੇ ਪਰਤਦੇ ਨਜਰ ਆਉਂਦੇ ਹਨ। ਅਮੋਲ ਸਾਹਿਬ ਦਾ ਦੂਜਾ ਵਿਚਾਰ ਵੀ ਮਤਭੇਦ ਵਾਲਾ ਹੈ। ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਹਜ਼ੂਰੀ ਵਿਚ ਫਰਜ਼ੀ ਕੰਮ ਕੀਤੇ ਜਾ ਸਕਦੇ ਹਨ? ਏਸ ਅਸੂਲ ਅਨੁਸਾਰ ਕੋਈ ਆਖ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਮੈਂ ਫਰਜ਼ੀ ਪ੍ਰਣ ਕੀਤਾ ਸੀ ਜਾਂ ਸੌਂਹ ਚੁਕੀ ਸੀ। ਸਗੋਂ ਸਿੱਖ ਇਤਿਹਾਸ ਵਿਚ ਤਾ ਅਜਿਹੀਆਂ ਮਿਸਾਲਾਂ ਮਿਲਦੀਆਂ ਹਨ ਜਿਥੇ ਕਿ ਸਿੱਖਾਂ ਨੇ ਗੁਰੂ ਕੀ ਹਜ਼ੂਰੀ ਵਿਚ ਕੀਤੇ ਵਾਅਦੇ ਆਪਣੇ ਸਵਾਸਾਂ ਨਾਲ ਨਿਭਾਏ।

ਅਮੋਲ ਸਾਹਿਬ 'ਸੈਂਕੜੇ ਸਾਲਾਂ ਤੋਂ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਬਣਦੀਆਂ, ਉਕਰੀਦੀਆਂ ਤੇ ਵਿਕਦੀਆਂ' ਅਤੇ 'ਅਨੇਕਾਂ ਗੁਰਦੁਆਰਿਆਂ ਦੀਆਂ ਕੰਧਾਂ ਤੇ ਵੀ ਤਸਵੀਰਾਂ ਬਣੀਆਂ' ਹੋਣ ਦਾ ਜ਼ਿਕਰ ਕਰਦੇ ਹਨ। ਇਸ ਗੱਲ ਦੀ ਕਿਸੇ ਨੂੰ ਭੁੱਲ ਨਹੀਂ ਕਿ ਹਿੰਦੂ ਮੁਸਲਮਾਨ ਦੋਹਾਂ ਤੋਂ ਨਿਆਰਾ ਪੰਥ ਹੋਣ ਦੇ ਬਾਵਜੂਦ ਸਿੱਖ ਮਨਾਂ ਉਤੇ ਬ੍ਰਾਹਮਣੀ ਪ੍ਰਭਾਵ ਸਾਡੇ ਜਨਮ ਕਾਲ ਤੋਂ ਰਿਹਾ ਹੈ ਅਤੇ ਹੁਣ ਵੀ ਹੈ। ਅਸੀਂ ਉਹਨਾਂ ਦੀਆਂ ਚਲਾਈਆਂ ਰਹੁਰੀਤਾਂ ਅਤੇ ਭਰਮ ਭੁਲੇਖਿਆਂ ਤੋਂ ਅੱਜ ਤਕ ਛੁਟਕਾਰਾ ਨਹੀਂ ਪਾ ਸਕੇ। ਅਸੀਂ ਉਹਨਾਂ ਵਾਂਗ ਹੀ ਸੰਗਰਾਂਦ, ਮੱਸਿਆ, ਪੂਰਨਮਾਸ਼ੀ, ਲਗਣ, ਸਗਣ, ਥਿਤ, ਵਾਰ, ਰੱਖੜੀ, ਲੋਹੜੀ, ਹੋਲੀ, ਦੀਵਾਲੀ ਆਦਿ ਮਨਾਉਂਦੇ, ਮੋਇਆਂ ਦੀਆਂ ਹੱਡੀਆਂ ਤੀਰਥਾਂ ਤੇ ਜਲ ਪਰਵਾਹ ਕਰਦੇ, ਘਰਾਂ ਵਿਚ ਸਿੱਖ ਇਸਤਰੀਆਂ ਕਰਵੇ ਚੌਥ ਅਤੇ ਹੋਰ ਵਰਤ ਰੱਖਦੀਆਂ ਅਤੇ ਅਨੇਕਾਂ ਟੂਣੇ ਤਵੀਤ ਆਦਿ ਬ੍ਰਾਹਮਣੀ ਵਿਸ਼ਵਾਸਾਂ ਵਾਲੇ ਖਲਜਗਣ ਕਰਦੇ ਹਾਂ, ਸਾਡਾ ਤਸਵੀਰਾਂ ਬਨਾਉਣਾ ਤੇ ਉਕਰਨਾ ਉਹਨਾਂ ਦੇ ਹੀ ਮੂਰਤੀ ਅਤੇ ਬੁੱਤ ਪੂਜ ਹੋਣ ਦੀ ਨਕਲ ਹੈ। ਉਹਨਾਂ ਦੇ ਸ੍ਰੀ ਰਾਮ ਜਾਂ ਕ੍ਰਿਸ਼ਨ ਜੀ ਦੇ ਚਿਤਰਾਂ ਦੀ ਰੀਸੇ ਅਸਾਂ ਗੁਰੂ ਨਾਨਕ ਦੇਵ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਚਿੱਤਰ ਬਨਾਉਣੇ ਅਰੰਭ ਦਿਤੇ। ਗੁਰਦੁਆਰਿਆਂ ਦੀਆਂ ਕੰਧਾਂ ਉਪਰ ਗੁਰੂਆਂ ਤੇ ਸਿੱਖਾਂ ਦੀਆਂ ਤਸਵੀਰਾਂ ਉਕਰਨਾ ਉਸ ਸਮੇ ਦੀਆਂ ਹੀ ਯਾਦਾਂ ਹਨ ਜਦੋਂ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ ਕਾਲ ਸਮੇਂ ਸਾਡੇ ਗੁਰਦੁਆਰੇ ਹਿੰਦੂ ਪ੍ਰਭਾਵਿਤ ਉਦਾਸੀ ਆਦਿਕ ਸੰਪਰਦਾਵਾਂ ਦੇ ਪਰਬੰਧ ਵਿਚ ਸਨ।

ਸਿਨਮਾਂ-ਘਰਾਂ ਵਿਚ ਵਿਖਾਈਆਂ ਜਾਂਦੀਆਂ ਪਿਕਚਰਸ (Pictures), ਖੇਲ੍ਹ (ਨਾਟਕ) ਅਤੇ ਫਿਲਮਾਂ ਉਕਤ ਜ਼ਿਕਰ ਤਸਵੀਰਾਂ ਦਾ ਹੀ ਅਗੇਰੇ ਵਧਿਆ ਰੂਪ ਹਨ। ਜੋ ਰੂਪ ਗੁਰੂ ਸਾਹਿਬਾਨ, ਸਿਖ ਸ਼ਹੀਦਾਂ ਅਤੇ ਸਿੱਖ ਇਤਿਹਾਸ ਨੂੰ ਦੇਣਾ ਅਮੋਲ ਜੀ ਲੋੜਦੇ ਹਨ ਅਤੇ ਉਹਨਾਂ ਦਾ ਖਿਆਲ ਹੈ ਕਿ ਐਸਾ ਕਰਕੇ ਅਸੀਂ ਸਿੱਖ


www.AKJ.Org

ਇਤਿਹਾਸ ਦੀ ਚਰਚਾ ਜਗਤ ਵਿਚ ਫੈਲਾ ਸਕਦੇ ਹਾਂ, ਜਿਸ ਦੀ ਪੁਸ਼ਟੀ ਵਿਚ ਉਹ ਈਸਾਈਆਂ ਦੀ "ਟੈਨ ਕਮਾਂਡਮੈਂਟਸ" ਅਤੇ "ਸੈਮਸਨ ਡੀਲਾਈਲਾ" ਫਿਲਮਾਂ ਦਾ ਜ਼ਿਕਰ ਕਰਦੇ ਹਨ ਅਤੇ ਸ੍ਰੀ ਰਾਮ ਚੰਦਰ, ਸ੍ਰੀ ਕ੍ਰਿਸ਼ਨ ਜੀ ਆਦਿ ਹਿੰਦੂ ਅਵਤਾਰਾਂ ਦੀਆਂ ਜੀਵਨ-ਕਥਾਵਾਂ ਨੂੰ ਆਮ-ਫ਼ਹਿਮ (ਪ੍ਰਚਲਤ) ਬਨਾਉਣ ਦਾ ਕਾਰਨ ਵੀ ਹਿੰਦੂਆਂ ਦੀਆਂ ਰਾਸ ਲੀਲ੍ਹਾ ਨੂੰ ਹੀ ਦੱਸਦੇ ਹਨ।

ਇਸ ਰਾਸ ਲੀਲ੍ਹਾ ਦਾ ਵਰਨਣ 'ਗਾਵਨਿ ਗੋਪੀਆਂ ਗਾਵਨਿ ਕਾਨ੍ਹ ॥ ਗਾਵਨਿ ਸੀਤਾ ਰਾਜੇ ਰਾਮ' ਸ਼ਬਦਾਂ ਰਾਹੀਂ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿਚ ਕਰਦੇ ਹੋਏ ਇਸ ਦੀ ਅਲੋਚਨਾ "ਰੋਟੀਆਂ ਕਾਰਣਿ ਪੂਰਹਿ ਤਾਲ" ਕਹਿ ਕੇ ਕੀਤੀ ਹੈ। ਜੇ ਰਾਸਾਂ ਪਾਉਣਾ ਅਤੇ ਸ੍ਰੀ ਰਾਮ ਜਾਂ ਕ੍ਰਿਸ਼ਨ ਜੀ ਜੈਸੀਆਂ ਹਸਤੀਆਂ ਨੂੰ ਨਾਟਕ ਦੇ ਪਾਤਰਾਂ ਜਾਂ ਮੂਰਤੀਆਂ ਦੇ ਰੂਪ ਵਿਚ ਸਟੇਜ ਤੇ ਲਿਆਉਣਾ ਹੀ ਧਰਮ ਪਰਚਾਰ ਦਾ ਸਹਾਈ ਸਾਧਨ ਹੁੰਦਾ, ਤਾਂ ਗੁਰੂ ਜੀ ਇਸ ਦੀ ਏਨੀ ਕਰੜੀ ਅਲੋਚਨਾ ਕਦਾਚਿਤ ਨਾ ਕਰਦੇ।

ਜਿਸ ਕ੍ਰਿਸ਼ਨ ਜਾਂ ਰਾਮ ਜੀ ਨੂੰ ਲੋਕ ਸਰਬ ਕਲਾ ਸਮਰੱਥ ਪਰਮੇਸ਼ਰ ਦਾ ਅਵਤਾਰ ਜਾਂ ਰੂਪ ਮੰਨਦੇ ਹਨ, ਉਹ ਰਾਸ ਲੀਲ੍ਹਾ ਦਾ ਪਾਤਰ ਅਥਵਾ ਰਾਸ ਪਾਉਣ ਵਾਲਾ ਫਰਜ਼ੀ ਰੂਪ ਬਣਾਏ ਹੋਏ ਸਾਧਾਰਨ ਮੁੰਡਾ ਜਾਂ ਕੁੜੀ ਕਿਵੇਂ ਹੋ ਸਕਦਾ ਹੈ ਅਤੇ ਜੇ ਜੀਉਂਦਾ ਜਾਗਦਾ ਮੁੰਡਾ ਕ੍ਰਿਸ਼ਨ ਨਹੀਂ ਬਣ ਸਕਦਾ ਤਾਂ ਉਸ ਦੀ ਕਾਗਜ਼ ਉਪਰ ਚਿਤਰੀ ਮੂਰਤ ਜਾਂ ਪੱਥਰ ਤਥਾ ਮਿਟੀ ਦਾ ਬੁੱਤ ਕ੍ਰਿਸ਼ਨ ਜੀ ਕਿਸ ਤਰ੍ਹਾਂ ਹੋ ਸਕਦਾ ਹੈ? ਇਹੋ ਗੱਲ ਸਾਡੇ ਅੱਜ ਦੇ ਨਾਟਕਾਂ ਅਤੇ ਫਿਲਮਾਂ ਅੰਦਰ ਗੁਰੂ ਸਾਹਿਬਾਨ ਨੂੰ ਪਾਤਰ ਜਾਂ ਤਸਵੀਰ ਰੂਪ ਵਿਚ ਦਰਸਾਏ ਜਾਣ ਦੀ ਹੈ। ਬਲਕਿ ਇਸ ਨੁਕਤੇ ਉਤੇ ਸਿੱਖ ਵਿਸ਼ਵਾਸ ਤਾਂ ਬਿਲਕੁਲ ਹੀ ਨਿਰਾਲਾ ਹੈ।

ਗੁਰੂ ਕੇ ਸਿੱਖ ਲਈ ਕਿਸੇ ਅਕਾਰ ਜਾਂ ਦੇਹ ਨੂੰ ਗੁਰੂ ਰੂਪ ਜਾਨਣਾ ਤੇ ਪੂਜਣਾ ਵਿਵਰਜਤ ਹੈ, ਤਾਂ ਐਸੀ ਦੇਹ ਦਾ ਬੁੱਤ, ਤਸਵੀਰ, ਫਿਲਮ ਜਾਂ ਪਾਤਰ ਦੇ ਰੂਪ ਵਿਚ ਉਸ ਨੂੰ ਸਟੇਜ ਤੇ ਲਿਆਉਣਾ ਕਿਵੇਂ ਪ੍ਰਵਾਨ ਕੀਤਾ ਜਾ ਸਕਦਾ ਹੈ?

ਸਿੱਖ ਵਾਸਤੇ ਹੁਕਮ ਹੈ :–

"ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ"*

ਐਸੀ ਹਾਲਤ ਵਿਚ ਕਿਸੇ ਦੇਹਧਾਰੀ ਰੂਪ (ਭਾਵੇਂ ਉਹ ਗੁਰੂ ਨਾਨਕ ਦੇਵ ਜੀ ਦੀ ਸਹੀ ਤਸਵੀਰ ਵੀ ਕਿਉਂ ਨਾ ਹੋਵੇ, ਜੈਸੀ ਕਿ ਕੋਈ ਹੈ ਵੀ ਨਹੀਂ) ਨੂੰ ਗੁਰੂ ਵਿਅਕਤੀ ਜਾਣ ਜਾਂ ਸਮਝ ਕੇ ਸਟੇਜ ਤੇ ਜਾਂ ਫਿਲਮ ਅੰਦਰ ਪੇਸ਼ ਕਰਨਾ ਸਿੱਖੀ ਦੇ ਮੁਢਲੇ ਅਸੂਲਾਂ ਦਾ ਘਾਤ ਹੈ। ਨਾਟਕਾਂ ਤੇ ਫਿਲਮਾਂ ਦੁਆਰਾ ਸਿੱਖ ਧਰਮ ਤੇ ਸਿੱਖ ਇਤਿਹਾਸ ਨੂੰ ਜਗਤ-ਚਰਚਾ ਦਾ ਵਿਸ਼ਾ ਬਨਾਉਣ ਵਾਲਾ, ਅਮੋਲ ਜੀ ਦਾ ਖਿਆਲ ਅਸੂਲ ਦੇ ਘਾਤ ਦੁਆਰਾ ਸਸਤੀ ਸ਼ੁਹਰਤ (cheap publicity) ਹਾਸਲ ਕਰਨਾ ਹੈ, ਜੋ ਬਹੁਤ ਉੱਚਾ ਖਿਆਲ ਨਹੀਂ ਹੈ ਅਤੇ ਜਿਸ ਨੂੰ ਕਿਸੇ ਸੂਰਤ ਵਿਚ ਵੀ ਕੌਮ ਨੂੰ ਪ੍ਰਵਾਨ ਨਹੀਂ ਕਰਨਾ ਚਾਹੀਦਾ।

ਗੁਰੂ ਸਾਹਿਬਾਨ ਨੂੰ ਪਾਤਰਾਂ ਦਾ ਰੂਪ ਦੇਣਾ ਤੇ ਫਿਲਮਾਉਣਾ ਬੁੱਤ-ਪੂਜਾ ਵਲ ਪਹਿਲਾ ਕਦਮ ਹੋਵੇਗਾ, ਜਿਸ ਨਾਲ ਹੋਣ ਵਾਲੀ ਹਾਨੀ ਦਾ ਪਰਛਾਵਾਂ ਅਜ ਸ਼ਾਇਦ ਵਿਖਾਈ ਨਾ ਦੇਵੇ, ਪਰੰਤੂ ਜੇ ਉਸ ਤੇ ਰੋਕ ਨਾ ਲਾਈ ਗਈ ਤਾਂ ਜਲਦੀ ਹੀ ਸਿੱਖ ਧਰਮ ਵੀ ਬ੍ਰਾਹਮਣੀ ਵਿਚਾਰਧਾਰਾ ਅੰਦਰ ਉਵੇਂ ਹੀ ਜਜ਼ਬ ਹੋ ਜਾਵੇਗਾ ਜਿਵੇਂ ਬੁੱਧ ਤੇ ਜੈਨ ਆਦਿ ਮੱਤ ਉਸ ਦੀ ਵਿਸ਼ਾਲਤਾ ਵਿਚ ਹਜ਼ਮ ਕਰ ਲੈ ਗਏ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਐਵੇਂ ਤਾਂ ਨਹੀਂ ਸੀ ਕਿਹਾ :–

ਜਬ ਲਗ ਖਾਲਸਾ ਰਹੈ ਨਿਆਰਾ ॥ ਤਬ ਲਗ ਤੇਜ ਦੀਓ ਮੈ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥ ਮੈਂ ਨਾ ਕਰਉਂ ਇਨ ਕੀ ਪਰਤੀਤ ॥

*ਗਉੜੀ ਮ: ੫, ॥੪॥੩੬, ੧੦੫ ॥ ਪੰਨਾ ੧੮੭



www.AKJ.Org

# ਮਹੀਨੇ ਦੀਆਂ ਪੰਥਕ ਖਬਰਾਂ–ਅਖਬਾਰਾਂ ਦੀ ਜ਼ਬਾਨੀ

**ਬਾਬਾ ਬਕਾਲਾ ਤੇ ਤਰਨ ਤਾਰਨ ਚਿ ਪੁਲਿਸ ਫ਼ਾਇਰਿੰਗ–ਚਾਰ ਸਿੰਘ ਸ਼ਹੀਦ**

ਅੰਮ੍ਰਿਤਸਰ, ੨ ਜੁਲਾਈ–(ਪੀ. ਟੀ. ਆਈ., ਯੂ. ਐਨ. ਆਈ.) ਤਰਨ ਤਾਰਨ ਅਤੇ ਬਾਬਾ ਬਕਾਲਾ ਦੇ ਇਤਿਹਾਸਕ ਕਸਬਿਆਂ ਵਿਚ ਅੱਜ ਭਾਰੀ ਖਿਚਾਅ ਪੈਦਾ ਹੋ ਗਿਆ, ਜਦ ਇਨ੍ਹਾਂ ਥਾਵਾਂ ਤੇ ਪੁਲਿਸ ਫ਼ਾਇ-ਰਿੰਗ ਵਿਚ ਦੋ ਸਿੰਘ ਸ਼ਹੀਦ ਹੋ ਗਏ ਅਤੇ ਕਈ ਹੋਰ ਫਟੜ ਹੋਏ। ਜ਼ਿਲਾ ਹੈਡਕੁਆਟਰ ਤੇ ਪ੍ਰਾਪਤ ਸੂਚਨਾਵਾਂ ਅਨੁਸ਼ਾਰ ਤਰਨ ਤਾਰਨ ਵਿਚ ਇਕ ਵਿਅਕਤੀ ਕਰਤਾਰ ਸਿੰਘ ਸ਼ਹੀਦ ਹੋ ਗਿਆ ਜਦ ਕਿ ੨ ਸਖਤ ਫਟੜ ਹੋਏ। ਬਾਬਾ ਬਕਾਲਾ ਵਿਖੇ ਹੋਈ ਫ਼ਾਇਰਿੰਗ ਵਿਚ ੧ ਨਿਹੰਗ ਸਿੰਘ ਸ਼ਹੀਦ ਅਤੇ ਕਈ ਫੱਟੜ ਹੋਏ।

ਸਰਕਾਰੀ ਰਿਪੋਰਟ ਅਨੁਸਾਰ ਪੁਲਿਸ ਨੇ ਦੂਜੀ ਧਿਰ ਵਲੋਂ ਫਾਇਰਿੰਗ ਹੋਣ ਤੇ ਜਵਾਬ ਵਿਚ ਗੋਲੀ ਚਲਾਈ। ਗੈਰ-ਸਰਕਾਰੀ ਸੂਤਰਾਂ ਅਨੁਸਾਰ ਬਾਬਾ ਬਕਾਲਾ ਵਿਖੇ ਇਕ ਦੂਜੇ ਤੇ ਫ਼ਾਇਰਿੰਗ ਦੌਰਾਨ ਤਿੰਨ ਨਿਹੰਗ ਸਿੰਘ ਸ਼ਹੀਦ ਹੋਏ ਅਤੇ ਤਿੰਨ ਘੋੜੇ ਮਾਰੇ ਗਏ। ਪੁਲਿਸ ਅਤੇ ਸੀ.ਆਰ.ਪੀ.ਐਫ. ਯੂਨਿਟਾਂ ਨੇ ਬਾਬਾ ਬਕਾਲਾ ਗੁਰਦਵਾਰਾ ਨੇੜੇ ਨਿਹੰਗਾਂ ਦੇ ਹੈਡਕੁਆਟਰ ਨੂੰ ਘੇਰੇ ਵਿਚ ਲੈ ਰਖਿਆ ਹੈ।... ਅਜੀਤ, ੩-੭-੮੩

## *"ਸਿਖ ਵਖਰੀ ਕੌਮ" ਇਕ ਇਤਿਹਾਸਕ ਸਚਾਈ–ਸੰਤ ਲੌਂਗੋਵਾਲ*

**ਤਰਨ ਤਾਰਨ ਤੇ ਬਾਬਾ ਬਕਾਲਾ ਦੀਆਂ ਘਟਨਾਵਾਂ, ਐਸ.ਐਸ.ਪੀ. ਦੇ ਬਿਆਨ ਨੂੰ ਚੈਲੰਜ**

ਅੰਮ੍ਰਿਤਸਰ, ੫ ਜੁਲਾਈ–(ਯੂ. ਐਨ. ਆਈ.) ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਇਕ ਬਿਆਨ ਵਿਚ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੇ ਉਸ ਬਿਆਨ ਤੇ ਟਿੱਪਣੀ ਕੀਤੀ ਹੈ ਜਿਸ ਵਿਚ ਗਿਆਨੀ ਜੀ ਨੇ ਕਿਹਾ ਸੀ ਕਿ ਸਿਖ ਵਖ ਕੌਮ ਨਹੀਂ ਹਨ। ਸੰਤ ਜੀ ਅਨੁਸਾਰ ਇਸ ਤਰ੍ਹਾਂ ਕਹਿ ਕੇ ਗਿਆਨੀ ਜ਼ੈਲ ਸਿੰਘ ਨੇ ਆਪਣੇ ਅਹੁਦੇ ਦੀ ਸ਼ਾਨ ਘਟਾਈ ਹੈ ਤੇ ਰਾਸ਼ਟਰਪਤੀ ਨੂੰ ਅਜਿਹਾ ਨਹੀਂ ਕਰਨਾ ਚਾਹੀਦਾ। ਸੰਤ ਜੀ ਨੇ ਕਿਹਾ ਕਿ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਦੇਸ ਵਿਚ ਹਿੰਦੂ ਮੁਸਲਮ ਤੇ ਸਿਖ ਤਿੰਨ ਕੌਮਾਂ ਮੰਨੀਆਂ ਗਈਆਂ ਸਨ ਤੇ ਤਿੰਨੇ ਕੌਮਾਂ ਆਪਣੇ ਪ੍ਰਤੀਨਿਧ ਚੁਣਦੀਆਂ ਸਨ। ਹੋਰ ਤਾਂ ਹੋਰ ਗਾਂਧੀ ਜੀ ਨੇ ਅਜ਼ਾਦੀ ਦੀ ਜੰਗ ਦੇ ਦੌਰਾਨ ਕਿਹਾ ਸੀ ਕਿ ਕਾਂਗਰਸੀ ਪਾਰਟੀ ਦੇ ਝੰਡੇ ਵਿਚ ਹਿੰਦੂਆਂ, ਮੁਸਲਮਾਨਾਂ ਤੇ ਸਿਖਾਂ ਦੇ ਤਿੰਨ ਰੰਗ ਸ਼ਾਮਲ ਕੀਤੇ ਗਏ ਹਨ।

**ਤਰਨ ਤਾਰਨ ਬਾਰੇ**–ਸੰਤ ਜੀ ਨੇ ਇਕ ਵਖਰੇ ਬਿਆਨ ਵਿਚ ਕਿਹਾ ਕਿ ਬਾਬਾ ਬਕਾਲਾ ਤੇ ਤਰਨ ਤਾਰਨ ਦੀਆਂ ਘਟਨਾਵਾਂ ਬਾਰੇ ਅੰਮ੍ਰਿਤਸਰ ਦੇ ਐਸ.ਐਸ.ਪੀ. ਨੇ ਜੋ ਬਿਆਨ ਦਿਤਾ ਹੈ ਉਹ ਗ਼ਲਤ ਤੇ ਗੈਰ-ਜ਼ੁਮੇਵਾਰਾਨਾ ਹੈ। ਸੰਤ ਜੀ ਨੇ ਕਿਹਾ ਕਿ ਦਰਬਾਰ ਸਾਹਿਬ ਸ੍ਰੀ ਤਰਨ ਤਾਰਨ ਵਿਖੇ ਕਿਸੇ ਵੀ ਸੇਵਾਦਾਰ, ਜਾਂ ਕਾਰ ਸੇਵਾ ਵਾਲੇ ਸੰਤਾਂ ਦੇ ਨਿਸ਼ਕਾਮ ਸੇਵਕਾਂ ਨੇ ਕਿਸੇ ਬੁੰਗੇ ਦੇ ਹਿਸੇ ਨੂੰ ਕਬਜ਼ੇ 'ਚ ਲੈ ਕੇ, ਕਿਸੇ ਮਾਸੂਮ ਬੱਚਿਆਂ ਜਾਂ ਔਰਤਾਂ ਨੂੰ ਅੰਦਰ ਨਹੀਂ ਡਕਿਆ। ਅਸਲ ਕਹਾਣੀ ਇਹ ਹੈ ਕਿ ਆਉਣ ਵਾਲੀ ਮਸਿਆ ਨੂੰ ਮੁਖ ਰਖਦਿਆਂ ਹੋਇਆਂ ਕਾਰ ਸੇਵਾ ਸੰਤਾਂ ਨੇ ਕਿਸੇ ਜਾਨੀ ਨੁਕਸਾਨ ਦੇ ਡਰ ਤੋਂ ਬੁੰਗੇ ਦੀ ਡਿਗਣ ਵਾਲੀ ਖਸਤਾ ਕੰਧ ਨੂੰ ਡੇਗਣਾ ਚਾਹਿਆ, ਇਸ ਸਬੰਧੀ ਅਦਾਲਤ ਵਿਚ ਵੀ ਇਸ ਖਸਤਾ ਬੁੰਗੇ ਬਾਰੇ ਸੂਚਨਾ ਦਿਤੀ ਹੋਈ ਹੈ। ਪਰੰਤੂ ਅਦਾਲਤੀ ਕਾਰਵਾਈ ਲੰਮੀ ਹੋਣ ਕਰਕੇ ਇਸ ਕੰਧ ਨੂੰ ਡੇਗਣ ਦਾ ਯਤਨ ਕੀਤਾ ਗਿਆ ਸੀ, ਤਾਂਕਿ ਮਸਿਆ ਵਾਲੇ ਦਿਨ ਹੋਣ ਵਾਲੇ ਇਕੱਠ ਨੂੰ ਕੋਈ ਨੁਕਸਾਨ ਨਾ ਪੁਜੇ।

**ਬਾਬਾ ਬਕਾਲਾ ਬਾਰੇ**–ਸੰਤ ਜੀ ਨੇ ਕਿਹਾ ਕਿ ਜਿਥੋਂ ਤਕ ਬਾਬਾ ਬਕਾਲੇ ਦੀ ਘਟਨਾ ਦਾ ਸਬੰਧ ਹੈ, ਉਸ ਸਬੰਧੀ ਬਾਬਾ ਬਕਾਲਾ ਦੇ ਸਮੂੰਹ ਵਾਸੀਆਂ ਨੂੰ ਪਤਾ ਹੈ ਕਿ ਪਿਛਲੇ ਦਿਨੀਂ ਬਾਬਾ ਬਕਾਲਾ ਦੇ ਇਕ ਨੇੜਲੇ ਪਿੰਡ 'ਚ ਕਿਸੇ ਵਿਅਕਤੀ ਨੂੰ ਕਿਸੇ ਨੇ ਨਿਜੀ ਦੁਸ਼ਮਣੀ ਕਾਰਨ ਕਤਲ ਕਰ ਦਿਤਾ ਸੀ। ਦੋਸ਼ੀ ਕਤਲ



www.AKJ.Org

ਕਰਨ ਉਪਰੰਤ ਦੋ ਤਿੰਨ ਘੰਟੇ ਮਿਰਤਕ ਪਾਸ ਦਨ-ਦਨੋਂਦਾ ਰਿਹਾ, ਪਰ ਕਿਸੇ ਪੁਲੀਸ ਅਧਿਕਾਰੀ ਨੇ ਉਸ ਨੂੰ ਫੜਨ ਦੀ ਕੋਸ਼ਿਸ਼ ਨਾ ਕੀਤੀ। ਉਲਟਾ ਦੋਸ਼ੀ ਦੇ ਨੱਸ ਜਾਣ ਪਿਛੋਂ ਛਾਉਣੀ ਦੇ ਸਿੰਘਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿਤਾ। ਘਟਨਾ ਵਾਲੇ ਦਿਨ ਵੀ ਪੁਲਿਸ ਚੌਕੀ ਦੇ ਕਰਮਚਾਰੀਆਂ ਨੇ ਉਕਤ ਕਤਲ ਦੇ ਸਬੰਧ ਵਿਚ ਨਿਰਦੋਸ਼ ਅਤੇ ਬੇ-ਗੁਨਾਹ ਨਿਹੰਗ ਸਿੰਘਾਂ ਨੂੰ ਗ੍ਰਿਫਤਾਰ ਕਰ ਕੇ ਚੌਕੀ ਵਿਚ ਡਕਿਆ ਹੋਇਆ ਸੀ, ਜਿਸ ਕਰਕੇ ਛਾਉਣੀ ਦੇ ਨਿਹੰਗ-ਸਿੰਘਾਂ ਨੇ ਪੁਲਿਸ-ਵਧੀਕੀ ਵਿਰੁਧ ਪੁਲਿਸ ਚੌਕੀ ਜਾ ਕੇ ਰੋਸ ਕੀਤਾ ਅਤੇ ਵਾਪਸ ਪਰਤ ਆਏ। ਲੋਕਾਂ ਦਾ ਕਹਿਣਾ ਹੈ ਕਿ ਚੌਕੀ ਵਾਲੇ ਪਹਿਲਾਂ ਭੀ ਬਿਨਾਂ ਵਜ੍ਹਾ ਨਿਹੰਗ ਸਿੰਘਾਂ ਨੂੰ ਤੰਗ ਕਰਦੇ ਰਹਿੰਦੇ ਸਨ। ਉਹਨਾਂ ਨੇ ਨਿਹੰਗਾਂ ਦੀ ਛਾਉਣੀ ਵਿਚ ਆ ਕੇ ਨਿਹੰਗਾਂ ਨੂੰ ਸ਼ਹੀਦ ਕੀਤਾ।

**ਜੇ ਮੁਕਾਬਲਾ ਹੁੰਦਾ**—ਸੰਤ ਜੀ ਨੇ ਕਿਹਾ ਕਿ ਜੇਕਰ ਸਿੰਘਾਂ ਨੇ ਮੁਕਾਬਲਾ ਕੀਤਾ ਹੁੰਦਾ ਤਾਂ ਪੁਲਿਸ ਦਾ ਨੁਕਸਾਨ ਕਿਉਂ ਨਾ ਹੋਇਆ? ਪੁਲਿਸ ਨੇ ਫਾਇਰਿੰਗ ਕਰ ਕੇ ਸਿੰਘਾਂ ਅਤੇ ਘੋੜਿਆ ਨੂੰ ਗੋਲੀਆ ਨਾਲ ਭੁੰਨ ਸੁਟਿਆ, ਜਿਸ ਸਦਕਾ ਛਾਉਣੀ ਦੇ ਵਿਚ ਬੰਨ੍ਹੇ ਹੋਏ ਸੱਤ ਬਹੁਤ ਹੀ ਕੀਮਤੀ ਘੋੜੇ ਅਤੇ ਇਕ ਸਾਂਢ ਮਰ ਗਿਆ। ਅੰਬ ਥੱਲੇ ਬੈਠਾ ਇਕ ਸਿੰਘ ਭੀ ਪੁਲਿਸ ਦੀ ਗੋਲੀ ਦਾ ਸ਼ਿਕਾਰ ਹੋ ਗਿਆ।

**ਅਸਲੇ ਬਾਰੇ**—ਸੰਤ ਜੀ ਨੇ, ਐਸ.ਐਸ. ਪੀ. ਦੇ ਇਸ ਬਿਆਨ ਨੂੰ ਕੋਰਾ ਗਲਤ ਕਿਹਾ, ਜਿਸ ਵਿਚ ਐਸ.ਐਸ.ਪੀ. ਨੇ ਸਿੰਘਾਂ ਪਾਸੋਂ ਭਾਰੀ ਮਾਤਰਾ ਵਿਚ ਗੋਲਾ-ਬਰੂਦ, ਤਲਵਾਰਾਂ-ਬਰਛੇ ਅਤੇ ਹੱਥ-ਗੋਲਾ ਬਰਾਮਦ ਕਰਨ ਦੀ ਗੱਲ ਆਖੀ ਹੈ। ਸੰਤ ਜੀ ਨੇ ਕਿਹਾ ਕਿ ਕੇਵਲ ਦੋ ਜਾਂ ਤਿੰਨ ਲਾਇਸੰਸ-ਸ਼ੁਦਾ ਰਾਇਫਲਾਂ, ਜਿਹੜੀਆਂ ਕਿ ਇਕ ਕਮਰੇ ਵਿਚ ਜਿੰਦੇ ਅੰਦਰ ਪਈਆਂ ਸਨ ਅਤੇ ਜਿਹਨਾਂ ਨੂੰ ਪੁਲਿਸ ਨੇ ਜਿੰਦਰਾ ਭੰਨ ਕੇ ਕਢਿਆ ਹੈ, ਅਤੇ ਬਾਕੀ ਛਾਉਣੀ ਵਿਚ ਸਿੰਘਾਂ ਦੇ ਰਵਾਇਤੀ ਹਥਿਆਰ ਜੋ ਨਿਹੰਗ ਸਿੰਘਾਂ ਲਈ ਪਰਮਾਣਤ ਹਨ, ਬਰਛੇ ਤੇ ਸ੍ਰੀ ਸਾਹਿਬਾਂ ਹੀ ਸਨ, ਜਿਹਨਾਂ ਦੀ ਕਿਸੇ ਭੀ ਨਿਹੰਗ ਸਿੰਘ ਨੇ ਵਰਤੋਂ ਨਹੀਂ ਕੀਤੀ। ਸੰਤ ਜੀ ਨੇ ਕਿਹਾ ਕਿ ਸਚਾਈ ਤਾਂ ਇਹ ਹੈ ਕਿ ਸਿੰਘ ਉਸ ਸਮੇਂ ਆਪਣੇ ਘੋੜਿਆਂ ਅਤੇ ਪਸ਼ੂਆਂ ਦੀ ਸੇਵਾ ਸੰਭਾਲ ਵਿਚ ਰੁਝੇ ਹੋਏ ਸਨ। ਕਿਸੇ ਭੀ ਸਿੰਘ ਨੇ ਪੁਲੀਸ ਦੇ ਜਬਰ ਅਗੇ ਹਥ ਨਹੀਂ ਚੁਕਿਆ। ਸੰਤ ਜੀ ਨੇ ਪੂਰੀ ਦ੍ਰਿੜ੍ਹਤਾ ਨਾਲ ਕਿਹਾ ਕਿ ਜੇਕਰ ਐਸ. ਐਸ਼.ਪੀ. ਦੇ ਬਿਆਨ ਵਿਚ ਰਤਾ ਭਰ ਭੀ ਸਚਾਈ ਹੈ ਤਾਂ ਇਸਦੀ ਨਿਰਪੱਖ ਇਨਕੁਆਇਰੀ ਕਰਵਾ ਲਵੇ।

**ਬੇਅਦਬੀ ਕੀਤੀ**—ਸੰਤ ਜੀ ਨੇ ਕਿਹਾ ਕਿ ਪੁਲੀਸ ਛਾਉਣੀ ਤੇ ਕਬਜ਼ਾ ਕਰਕੇ ਜਿਥੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਰਕਾਸ਼ ਹੁੰਦਾ ਸੀ, ਪੁਲਸ ਨੇ ਉਥੇ ਬੈਠ ਕੇ ਸ਼ਰਾਬਾਂ ਪੀਤੀਆਂ ਅਤੇ ਜੋੜਿਆਂ ਸਮੇਤ ਅੰਦਰ ਦਾਖਲ ਹੋਏ। ਸਿਗਰਟਾਂ-ਬੀੜੀਆਂ ਪੀਤੀਆਂ ਅਤੇ ਗੁਟਕੇ ਤੇ ਧਾਰਮਿਕ ਕਿਤਾਬਾਂ ਅਗਨ-ਭੇਂਟ ਕੀਤੀਆਂ ਅਤੇ ਗੁਰੂ ਸਾਹਿਬ ਦੇ ਰੁਮਾਲਿਆਂ ਦੀ ਘੋਰ ਬੇਅਦਬੀ ਕੀਤੀ। ਸੰਤ ਜੀ ਨੇ ਸ਼ਮੂਹ ਸਿਖ ਸੰਗਤਾਂ ਨੂੰ ਵੰਗਾਰ ਦਿਤੀ ਕਿ ਉਹ ਆਪਣੀ ਹੋਂਦ ਅਤੇ ਗੁਰਦੁਆਰਿਆਂ ਦੀ ਪਵਿਤਰਤਾ ਨੂੰ ਕਾਇਮ ਰਖਣ ਲਈ ਤੱਤਪਰ ਰਹਿੰਦੇ ਹੋਏ, ਫਿਰਕੂ ਅਤੇ ਘਟ-ਗਿਣਤੀ ਕੌਮ ਦੇ ਦੁਸ਼ਮਣਾਂ ਦੇ ਹਮਲਿਆਂ ਦਾ ਮੂੰਹ-ਤੋੜ ਉਤਰ ਦੇਣ ਲਈ ਤਿਆਰ ਰਹਿਣ। ਸ਼ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸ: ਉਂਕਾਰ ਸਿੰਘ ਮਤੇਨੰਗਲ ਨੇ ਅਖਬਾਰਾਂ ਵਿਚ ਨਵੇਂ ਐਸ.ਐਸ.ਪੀ. ਸ: ਸਰਬਜੀਤ ਸਿੰਘ ਦੇ ਛਪੇ ਇਸ ਬਿਆਨ ਨੂੰ ਬਿਲਕੁਲ ਗਲਤ ਅਤੇ ਬੇਬੁਨਿਆਦ ਦਸਿਆ ਹੈ ਕਿ ਤਰਨ ਤਾਰਨ ਵਿਖੇ ਸੇਵਾਦਾਰਾਂ ਨੇ ੧੦੦ ਮਾਸੂਮ ਬੱਚਿਆਂ, ਔਰਤਾਂ ਅਤੇ ਬੁਢਿਆਂ ਨੂੰ ਕਮਰੇ ਵਿਚ ਬੰਦ ਕਰ ਦਿਤਾ ਸ਼ੀ।

ਅਜੀਤ, ੬-੮-੮੩

## *ਰਾਸ਼ਟਰਪਤੀ ਜੀ! 'ਅਜੀਤ' ਪ੍ਰੋਟੈਸਟ ਕਰਦਾ ਹੈ—*

ਸ੍ਰੀਮਤੀ ਗਾਂਧੀ ਤਾਂ ਸਿੱਖਾਂ ਨੂੰ 'ਕੌਮ' ਕਹਿੰਦੇ ਹਨ, ਆਪ ਕਿਉਂ ਨਹੀਂ ਮੰਨਦੇ?

ਅਜੀਤ, 8-7-83


www.AKJ.Org

## ਕਰਨਾਲ ਵਿਚ ਫਿਰਕੂਆਂ ਹੱਥੋਂ ਸਿਖਾਂ ਦੀ ਜਾਨ ਮਾਲ ਖ਼ਤਰੇ ਚਿ

ਕਰਨਾਲ, ੯ ਜੁਲਾਈ (ਯੂ. ਐਨ. ਆਈ.)–ਏਥੋਂ ਦੇ ਗੁਰਦਵਾਰਾ ਸ੍ਰੀ ਮੰਜੀ ਸਾਹਿਬ ਦੇ ਉਤੇ ਫ਼ਿਰਕੂਆਂ ਵਲੋਂ ਭਾਰੀ ਪਥਰਾਉ ਕਰ ਕੇ ਗੁਰਦੁਆਰਾ ਸਾਹਿਬ ਦੇ ਗੁੰਬਦ ਨੂੰ ਨੁਕਸਾਨ ਪਹੁੰਚਾਣ, ਸਿਖਾਂ ਦੀਆਂ ਦੁਕਾਨਾਂ ਨੂੰ ਸਾੜਨ ਦੇ ਜਤਨ ਕਰਨ ਤੇ ਆਉਂਦੇ ਜਾਂਦੇ ਸਿਖਾਂ ਨੂੰ ਮਾਰਕੁਟ ਦੀਆਂ ਘਟਨਾਵਾਂ ਪਿਛੋਂ ਸ਼ਹਿਰ ਵਿਚ ਤਨਾਅ ਬਹੁਤ ਵਧ ਗਿਆ ਹੈ। ਦਸਿਆ ਗਿਆ ਕਿ ਫਿਰਕੂਆਂ ਨੇ ਗੁਰਦੁਆਰਾ ਸਾਹਿਬ ਦੇ ਨੇੜੇ ਹੀ ੧੧੦ ਫੁਟ ਉਚੇ ਮੰਦਰ ਨੂੰ ਇਕ ਕਿਲ੍ਹੇ ਦੇ ਰੂਪ ਵਿਚ ਤਬਦੀਲ ਕਰ ਕੇ ਉਸ ਉਤੇ ਗੁਰਦਵਾਰਾ ਸਾਹਿਬ ਉਤੇ ਭਾਰੀ ਪਥਰਾਅ ਕੀਤਾ। ਇਸ ਸਬੰਧ ਵਿਚ ਗੁਰਦੁਆਰਾ ਸਾਹਿਬ ਦੀ ਪ੍ਰਕਰਮਾ ਚਿ ਵੱਡੀ ਗਿਣਤੀ ਚਿ ਡਿਗੇ ਪੱਥਰਾਂ ਤੇ ਸੁਟੀਆਂ ਸੜੀਆਂ ਬੋਰੀਆਂ ਵੀ ਉਚ ਅਧਿਕਾਰੀਆਂ ਨੂੰ ਮੌਕੇ ਤੇ ਵਿਖਾਈਆਂ ਗਈਆਂ। ਗੁਰਦਵਾਰਾ ਪਰਬੰਧਕ ਕਮੇਟੀ ਨੇ ਕਿਹਾ ਕਿ ਉਹਨਾਂ ਹਿੰਦੂ ਰਖਿਆ ਸੰਮਤੀ ਵਲੋਂ ਬੰਦ ਦੇ ਦਿਤੇ ਸੱਦੇ ਬਾਰੇ ਡੀ. ਸੀ. ਤੇ ਐਸ. ਪੀ. ਨੂੰ ਸ਼ਕ ਪ੍ਰਗਟ ਕੀਤਾ ਸੀ ਕਿ ਇਸ ਦੌਰਾਨ ਸਿਖਾਂ ਤੇ ਤਸ਼ੱਦਦ ਹੋਣ ਦਾ ਡਰ ਹੈ ਤੇ ਉਹਨਾਂ ਰਖਿਆ ਦਾ ਪੂਰਾ ਭਰੋਸਾ ਦਿਤਾ ਸੀ, ਪਰ ਇਸ ਦੇ ਬਾਵਜੂਦ ਵੀ ਉਥੇ ਸਿਖਾਂ ਤੇ ਭਾਰੀ ਤਸ਼ੱਦਦ ਹੋਇਆ। ...

ਅਜੀਤ, ੧੦-੭-੮੩

## ਹਰਿਆਣਾ ਵਿਚ ਸਿਖਾਂ ਨੂੰ ਤੰਗ ਕਰਨ ਲਈ ਸਾਜ਼ਿਸ਼ ਘੜੀ ਗਈ–ਲੌਂਗੋਵਾਲ ਦਾ ਦੋਸ਼
## ਕਰਨਾਲ ਦੇ ਗੁਰਦੁਆਰਾ ਤੇ ਪਥਰਾਓ, ਪਰ ਪੁਲਸ ਤਮਾਸ਼ਾ ਵੇਖਦੀ ਰਹੀ

ਅੰਮ੍ਰਿਤਸਰ, ੯ ਜੁਲਾਈ–ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਦੋਸ ਲਾਇਆ ਹੈ ਕਿ ਕੇਂਦਰੀ ਸਰਕਾਰ ਆਪਣੇ ਰਾਜਸੀ ਅਤੇ ਸੌੜੇ ਹਿਤਾਂ ਲਈ ਦੇਸ਼ ਨੂੰ ਤੇਜ਼ੀ ਨਾਲ ਖ਼ਾਨਾ-ਜੰਗੀ ਵਲ ਲਿਜਾ ਰਹੀ ਹੈ ਅਤੇ ਆਪਣੇ ਇਰਾਦਿਆਂ ਦੀ ਪੂਰਤੀ ਲਈ ਸਿਖਾਂ ਵਰਗੀ ਮਹਾਨ ਦੇਸ਼ ਭਗਤ, ਮਿਹਨਤੀ ਅਤੇ ਅੰਨ-ਦਾਤਾ ਕੌਮ ਨੂੰ ਬਲੀ ਦਾ ਬਕਰਾ ਬਣਾ ਰਹੀ ਹੈ। ਸੰਤ ਲੌਂਗੋਵਾਲ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਮੌਜੂਦ ਸਬੂਤਾਂ ਦੇ ਅਧਾਰ ਤੇ ਮੈਂ ਸਾਰੇ ਦੇਸ਼ ਨੂੰ ਸਪਸ਼ਟ ਕਰਦਾ ਹਾਂ ਕਿ ਹਰਿਆਣੇ ਵਿਚ ਗੁਰਦੁਆਰਾ ਸਾਹਿਬਾਨ ਅਤੇ ਸਿਖਾਂ ਉਤੇ ਹਮਲੇ ਕਾਂਗ੍ਰਸੀ ਸਰਕਾਰਾਂ ਵਲੋਂ ਦੇਸ਼ ਦੇ ਲੋਕਾਂ ਨੂੰ ਫਿਰਕੂ ਅਧਾਰ ਉਤੇ ਲੜਾ ਕੇ "ਪਾੜੋ ਅਤੇ ਰਾਜ ਕਰੋ" ਦੀ ਬਸਤੀਵਾਦੀ ਤੇ ਸਾਮਰਾਜੀ ਨੀਤੀ ਅਨੁਸਾਰ ਹੋ ਰਹੇ ਹਨ।

ਸੰਤ ਜੀ ਨੇ ਕਿਹਾ ਕਿ ਮੇਰੀ ਸੋਚਣੀ ਮੁਤਾਬਕ ਕੁਝ ਦਿਨ ਪਹਿਲਾਂ ਕੁਝ ਕੇਂਦਰੀ ਉਚ ਅਫਸਰਾਂ ਤੇ ਮੁਖ ਮੰਤ੍ਰੀ ਹਰਿਆਣਾ ਵਿਚਕਾਰ ਚੰਡੀਗੜ੍ਹ ਵਿਖੇ ਇਕ ਮੀਟਿੰਗ ਵਿਚ ਇਹ ਸਾਜ਼ਿਸ਼ ਘੜੀ ਗਈ ਕਿ ਹਿੰਦੂ ਹਮਦਰਦੀ ਹਾਸਲ ਕਰਨ ਲਈ ਸਿਖਾਂ ਨੂੰ ਹਰਿਆਣੇ ਵਿਚ ਜ਼ਲੀਲ ਅਤੇ ਤੰਗ ਕੀਤਾ ਜਾਵੇ। ਇਸ ਸਾਜ਼ਿਸ਼ ਅਧੀਨ ਫੈਸਲਾ ਲਿਆ ਗਿਆ ਕਿ ਹਰਿਆਣੇ ਵਿਚਲੇ ਗੁਰਦੁਆਰਿਆਂ ਉਤੇ ਸਰਕਾਰੀ ਪਿੱਠੂਆਂ ਤੋਂ ਹਮਲੇ ਕਰਵਾਏ ਜਾਣ, ਗੁਰਦੁਆਰਿਆਂ ਅਤੇ ਉਹਨਾਂ ਦੀ ਸੰਪਤੀ ਉਤੇ ਕਬਜ਼ੇ ਕੀਤੇ ਜਾਣ ਤੇ ਮੁਖੀ ਸਿਖਾਂ ਨੂੰ ਜਾਨੀ ਤੇ ਮਾਲੀ ਨੁਕਸਾਨ ਪਹੁੰਚਾਇਆ ਜਾਵੇ। ਇਸ ਤਰ੍ਹਾਂ ਜਿਥੇ ਸਿਖਾਂ ਨੂੰ ਬਦਨਾਮ ਕੀਤਾ ਜਾ ਸਕੇਗਾ ਉਥੇ ਭਜਨ ਲਾਲ ਸਰਕ ਰ ਵਿਰੁਧ ਉਠ ਰਹੀ ਅੰਦਰੂਨੀ ਬਗਾਵਤ ਨੂੰ ਦਬਾਉਣ ਵਿਚ ਮਦਦ ਮਿਲੇਗੀ।

ਸੰਤ ਲੋਂਗੋਵਾਲ ਨੇ ਕਿਹਾ ਕਿ ਮੈਂ ਸ਼ੁਰੂ ਤੋਂ ਹੀ ਕਹਿ ਰਿਹਾ ਹਾਂ ਕਿ ਪੰਜਾਬ ਚਿ ਵਾਪਰਦੀਆਂ ਮਾਰ-ਧਾੜ ਤੇ ਲੁਟ ਖੋਹ ਦੀਆਂ ਘਟਨਾਵਾਂ ਪਿਛੇ ਸਰਕਾਰੀ ਹੱਥ ਹੈ। ਹੁਣ ਉਸੇ ਸਾਜ਼ਿਸ਼ ਅਧੀਨ ਹਰਿਆਣੇ ਵਿਚ ਦਮਨ ਚੱਕਰ ਦਾ ਦੂਜਾ ਫ਼ਰੰਟ ਖੋਲ੍ਹ ਦਿਤਾ ਗਿਆ ਹੈ। ਹਰਿਆਣੇ ਵਿਚ ਸਿਖਾਂ ਉਤੇ ਹਮਲੇ ਦੀ ਸਰਪ੍ਰਸਤੀ ਦਾ ਸਬੂਤ ਇਹ ਹੈ ਕਿ ਕਰਨਾਲ ਵਿਚ ਗੁਰਦਵਾਰੇ ਉਤੇ ਮੰਦਰ ਵਿਚੋਂ ਪੱਥਰ ਪੈਣ ਸਮੇਂ ਪੁਲਿਸ ਤਮਾਸ਼ਾਈ ਬਣੀ ਰਹੀ ਅਤੇ ਲਾਠੀਚਾਰਜ ਤੇ ਟੀਅਰ ਗੈਸ ਦਾ ਸ਼ਿਕਾਰ ਵੀ ਸਿਖ ਹੀ ਹੋਏ। ਸੰਤ ਜੀ ਨੇ ਕਿਹਾ ਕਿ ਅਕਾਲੀ ਦਲ ਨੇ ਅਨੇਕਾਂ ਵਾਰ ਕਿਹਾ ਹੈ ਕਿ ਸਾਡਾ ਸ਼ਾਂਤਮਈ ਅੰਦੋਲਨ ਕਿਸੇ ਧਰਮ ਜਾਂ ਫਿਰਕੇ ਵਿਰੁਧ ਬਿਲਕੁਲ


www.AKJ.Org

ਨਹੀਂ, ਸਗੋਂ ਸਾਡੀਆਂ ਮੰਗਾਂ ਵਿਧਾਨ ਅਤੇ ਕਾਨੂੰਨ ਦੇ ਘੇਰੇ ਵਿਚ ਰਹਿੰਦਿਆਂ ਸਮੁਚੇ ਪੰਜਾਬ ਲਈ ਅਤੇ ਪੰਜਾਬ ਨਾਲ ਹੁੰਦੇ ਵਿਤਕਰੇ ਰੋਕਣ ਲਈ ਹੈ। ਸੰਤ ਜੀ ਨੇ ਕਿਹਾ ਕਿ ਲੋਕ ਰਾਜ, ਦੇਸ਼ ਦੀ ਏਕਤਾ, ਸਚਿਆਈ ਅਤੇ ਘਟ-ਗਿਣਤੀਆਂ ਦੇ ਅਧਿਕਾਰਾਂ ਦੀ ਰਾਖੀ ਦੇ ਨਾਂਅ ਉਤੇ ਮੇਰੀ ਸਮੂੰਹ ਦੇਸ਼ ਵਾਸੀਆਂ ਨੂੰ ਅਪੀਲ ਹੈ ਕਿ ਉਹ ਸਰਕਾਰੀ ਚਾਲਾਂ ਅਤੇ ਝੂਠੇ ਪ੍ਰਚਾਰ ਤੋਂ ਗੁੰਮਰਾਹ ਹੋ ਕੇ ਸਰਕਾਰੀ ਸਾਜ਼ਿਸ਼ਾਂ ਦਾ ਸ਼ਿਕਾਰ ਨਾ ਹੋਣ ਅਤੇ ਭਰਾ ਭਰਾ ਆਪਸ ਵਿਚ ਲੜ ਕੇ, ਲੋਕ-ਦੋਖੀ ਅਤੇ ਖੁਦਗਰਜ਼ ਹਾਕਮਾਂ ਨੂੰ ਲੋਕਾਂ ਨੂੰ ਲੁਟਣ ਲਈ ਮਨਮਾਨੀਆਂ ਨਾ ਕਰਨ ਦੇਣ। ਉਹਨਾਂ ਇਕ ਪ੍ਰੈਸ ਕਾਨਫਰੰਸ ਵਿਚ ਹੋਰ ਕਿਹਾ ਕਿ ਅਕਾਲੀ ਦਲ ਨੇ ਹਾਲਾਂ ਅਗਲਾ ਪ੍ਰੋਗਰਾਮ ਨਹੀਂ ਬਣਾਇਆ। ਜਦੋਂ ਪ੍ਰੋਗਰਾਮ ਬਣੇਗਾ ਤਾਂ ਪ੍ਰੈਸ ਵਾਲਿਆਂ ਨੂੰ ਦਸ ਦਿਤਾ ਜਾਵੇਗਾ। ਉਹਨਾਂ ਭਰੋਸਾ ਪ੍ਰਗਟ ਕੀਤਾ ਕਿ ਹਿੰਦੂ ਸਿਖ ਆਪੋ ਵਿਚ ਨਹੀਂ ਲੜ ਸਕਦੇ। ਪਿੰਡਾਂ ਵਿਚ ਕਿਸੇ ਕਿਸਮ ਦਾ ਕੋਈ ਝਗੜਾ ਨਹੀਂ। ਸ: ਬਲਵੰਤ ਸਿੰਘ ਰਾਮੂਵਾਲੀਆ ਵੀ ਪ੍ਰੈਸ ਕਾਨਫਰੰਸ ਵਿਚ ਮੌਜੂਦ ਸਨ। ਅਜੀਤ, ੧੦-੭-੮੩

## ਕਿਰਪਾਨ ਸਮੇਤ ਸਿਖਾਂ ਨੂੰ ਹਵਾਈ ਸਫਰ ਕਰਨ ਦੀ ਖੁਲ੍ਹ ਦੇ ਸਰਕਾਰੀ ਐਲਾਨ ਝੂਠੇ

ਅੰਮ੍ਰਿਤਸਰ ੧੧ ਜੁਲਾਈ–ਅਕਾਲ ਫੈਡਰੇਸ਼ਨ ਦੇ ਕਨਵੀਨਰ ਭਾਈ ਕੰਵਰ ਸਿੰਘ ਨੇ ਇਸ ਗੱਲ ਦਾ ਕਰੜਾ ਨੋਟਿਸ ਲਿਆ ਹੈ। ਉਹਨਾਂ ਦਸਿਆ ਕਿ ਜਥੇਬੰਦੀ ਦੇ ਸਰਗਰਮ ਨੇਤਾ ਸਰਦਾਰ ਸਤਨਾਮ ਸਿੰਘ ਕੰਡਾ ਨੂੰ ਹਵਾਈ ਸਫਰ ਦੌਰਾਨ ਕਿਰਪਾਨ ਉਤਾਰਨ ਲਈ ਮਜਬੂਰ ਕੀਤਾ ਗਿਆ। ਸ: ਕੰਡਾ ਕੁਝ ਦਿਨ ਪਹਿਲਾਂ ਜੰਮੂ-ਕਸ਼ਮੀਰ ਵਿਚ ਜਥੇਬੰਦੀ ਦੇ ਯੂਨਿਟ ਸਥਾਪਤ ਕਰਨ ਦੇ ਸਬੰਧ ਲਈ ਗਏ ਸਨ, ਜਦ ਕਿ ਕੁਝ ਜ਼ਰੂਰੀ ਮਸਲੇ ਵਿਉਂਤਣ ਲਈ ਉਹਨਾਂ ਨੂੰ ਫੌਰੀ ਅੰਮ੍ਰਿਤਸਰ ਜਥੇਬੰਦੀ ਦੇ ਹੈਡ ਕੁਆਟਰ ਪਹੁੰਚਣ ਲਈ ਟੈਲੀਫੋਨ ਰਾਹੀਂ ਆਦੇਸ਼ ਦਿਤਾ ਗਿਆ। ਸਰਦਾਰ ਕੰਡਾ ੩੦-੬-੮੩ ਨੂੰ ੪੨੪ ਬੋਇੰਗ ਫਲਾਈਟ ਬਾਅਦ ਦੁਪਹਿਰ ੧੨-੪੦ ਟਿਕਟ ਨੰਬਰ ੬੧੧੭੩੮੪ ਇੰਡੀਅਨ ਏਅਰ ਲਾਈਨਜ਼ ਦੇ ਹਵਾਈ ਜਹਾਜ਼ ਪਕੜਨ ਲਈ ਜਦ ਸ੍ਰੀ ਨਗਰ ਹਵਾਈ ਅੱਡੇ ਤੇ ਪਹੁੰਚੇ ਤਾਂ ਅਧਿਕਾਰੀਆਂ ਨੇ ਉਹਨਾਂ ਨੂੰ ਰੋਕ ਲਿਆ। ਸ: ਕੰਡਾ ਦੇ ਕਾਫੀ ਦਲੀਲਾਂ ਦੇਣ ਤੇ ਵੀ ਅਧਿਕਾਰੀਆਂ ਨੇ ਉਹਨਾਂ ਨੂੰ ਕਿਰਪਾਨ ਉਤਾਰਨ ਲਈ ਮਜਬੂਰ ਅਤੇ ਪਰੇਸ਼ਾਨ ਕੀਤਾ। ਅਧਿਕਾਰੀਆਂ ਨੇ ਸਪਸ਼ਟ ਕੀਤਾ ਕਿ ਉਹਨਾਂ ਨੂੰ ਸਰਕਾਰ ਵਲੋਂ ਕੋਈ ਅਜਿਹੇ ਆਦੇਸ਼ ਨਹੀਂ ਮਿਲੇ ਕਿ ਕਿਸੇ ਅੰਮ੍ਰਿਤਧਾਰੀ ਨੂੰ ਸਮੇਤ ਕਿਰਪਾਨ ਸਫਰ ਕਰਨ ਦਿਤਾ ਜਾਵੇ। ਬੁਲਾਰੇ ਨੇ ਕਿਹਾ ਕਿ ਸਪਸ਼ਟ ਹੋ ਗਿਆ ਹੈ ਕੇਂਦਰ ਸਰਕਾਰ ਦੇ ਸਭ ਬਿਆਨ ਕਿ ਸਿਖਾਂ ਦੀਆਂ ਧਾਰਮਿਕ ਮੰਗਾਂ ਮੰਨ ਲਈਆਂ, ਸਭ ਝੂਠ ਦਾ ਪੁਲੰਦਾ ਹਨ। ਉਹਨਾਂ ਕਿਹਾ, ਪ੍ਰਧਾਨ ਮੰਤਰੀ ਨੇ ਝੂਠੇ ਤੇ ਥੋਥੇ ਬਿਆਨ ਦੇ ਕੇ ਜਿਥੇ ਲੋਕਾਂ ਨੂੰ ਗੁਮਰਾਹ ਕੀਤਾ ਅਤੇ ਵਰਗਲਾਇਆ ਹੈ, ਉਹਨਾਂ ਆਪਣੇ ਅਹੁਦੇ ਦਾ ਵੀ ਭਾਰੀ ਅਪਮਾਨ ਕੀਤਾ ਹੈ ਅਤੇ ਰਾਸ਼ਟਰ ਨੂੰ ਧੋਖਾ ਦਿਤਾ ਹੈ। ਪ੍ਰਧਾਨ ਮੰਤਰੀ ਦੇ ਉਚੇ ਅਹੁਦੇ ਤੇ ਬੈਠ ਕੇ ਇਸ ਵੱਡੇ ਦੇਸ਼ ਵਿਚ ਝੂਠੇ ਬਿਆਨ ਦੇਣ ਨਾਲ ਬਹੁਤ ਬੁਰੀ ਮਿਸਾਲ ਕਾਇਮ ਕੀਤੀ ਹੈ ਤੇ ਦੂਸਰੇ ਸਿਆਸਤ-ਦਾਨਾਂ ਲਈ ਝੂਠੇ ਬਿਆਨ ਦੇਣ ਲਈ ਰਸਤਾ ਸੁਖਾਵਾਂ ਕਰ ਦਿਤਾ ਹੈ। ਅਜੀਤ, ੧੨-੭-੮੩

## ਪਾਵਨ ਬੀੜ ਦੇ ਪਤਰੇ ਪਾੜਨ ਵਾਲਾ ਗ੍ਰਿਫਤਾਰ

ਹੁਸ਼ਿਆਰਪੁਰ, ੧੧ ਜੁਲਾਈ–ਹੁਸ਼ਿਆਰਪੁਰ ਦੇ ਐਸ.ਐਸ.ਪੀ. ਸ੍ਰੀ ਬੂਆ ਸਿੰਘ ਨੇ ਅਜ ਇਥੇ ਦਸਿਆ ਕਿ ਪੁਲਿਸ ਨੇ ਪਿੰਡ ਅਈਆਪੁਰ ਵਿਚ ਗੁਰੂ ਗਰੰਥ ਸਾਹਿਬ ਦੀ ਪਾਵਨ ਬੀੜ ਚੋਰੀ ਕਰਕੇ ਉਸ ਦੇ ਕੁਝ ਪਤਰੇ ਫਾੜਨ ਵਾਲੇ ਇਕ ਵਿਅਕਤੀ ਰਾਧਾ ਕ੍ਰਿਸ਼ਨ ਉਰਫ ਤੋਤੀ ਨੂੰ ਗ੍ਰਿਫਤਾਰ ਕਰ ਲਿਆ ਹੈ। ਅਜੀਤ, ੧੨-੭-੮੩

## ਕਰਨਾਲ ਵਿਚ ਤਿੰਨ ਸਿੰਘਾਂ ਦੇ ਕੇਸ ਕਤਲ

ਕਰਨਾਲ, ੧੧ ਜੁਲਾਈ–ਇਥੇ ਫਿਰਕੂਆਂ ਵਲੋਂ ਤਿੰਨ ਸਿੰਘਾਂ ਦੇ ਕੇਸ ਕਤਲ ਕੀਤੇ ਜਾਣ ਦੀ ਹਿਰਦੇ-ਵੇਧਕ ਘਟਨਾ ਦੀ ਸੂਚਨਾ ਮਿਲੀ ਹੈ। ਦਸਿਆ ਗਿਆ ਹੈ ਕਿ ਸਿਖਾਂ ਵਲੋਂ ਅਧਿਕਾਰੀਆਂ ਨੂੰ ਦਿਤੇ ਯਾਦ-


www.AKJ.Org

ਪਤਰ ਦੇ ਬਾਵਜੂਦ ਉਹਨਾਂ ਦੀ ਸੁਰੱਖਿਆ ਦੇ ਪ੍ਰਬੰਧ ਨਹੀਂ ਕੀਤੇ ਗਏ। ੯ ਜੁਲਾਈ ਸ਼ਿਵ ਮੰਦਰ ਚੋਂ ਤੇਜ਼ਾਬ ਅਤੇ ਪਟਰੋਲ ਮਿਲਿਆ ਸੀ, ਪਰ ਅਧਿਕਾਰੀ ਇਸ ਮਾਮਲੇ ਨੂੰ ਰਫ਼ਾਦਫ਼ਾ ਕਰਨਾ ਚਾਹੁੰਦੇ ਹਨ। ਪੁਲਸ ਵਲੋਂ ਸਿੰਘਾਂ ਦੇ ਕੇਸ ਦਰਜ ਕਰਨ ਤੇ ਇਨਕਾਰ ਕੀਤਾ ਜਾ ਰਿਹਾ ਹੈ। ਸਿਖਾਂ ਦਾ ਹਰਿਆਣਾ ਪੁਲਕ ਤੇ ਵਿਸ਼ਵਾਸ ਖਤਮ ਹੋ ਗਿਆ ਹੈ। ਇਸ ਲਈ ਅਕਾਲੀ ਦਲ ਨੇ ਮੰਗ ਕੀਤੀ ਹੈ ਕਿ ਉਥੇ ਸੀ.ਆਰ.ਪੀ. ਤਾਇਨਾਤ ਕੀਤੀ ਜਾਏ। ਹਰਿਆਣਾ ਅਕਾਲੀ ਦਲ ਦੇ ਜਨਰਲ ਸਕਤਰ ਗਿਆਨੀ ਹਰੀ ਸਿੰਘ ਪਹੇਵਾ ਨੇ ਕਰਨਾਲ ਵਿਚ ਹੋਈ ਗੜਬੜ ਦੀ ਜੁਡੀਸ਼ਲ ਜਾਂਚ ਕਰਾਏ ਜਾਣ ਦੀ ਮੰਗ ਕੀਤੀ ਹੈ।

ਸਰਦਾਰ ਗੁਰਚਰਨ ਸਿੰਘ ਟੋਹੜਾ ਅਜ ਇਥੇ ਸਥਿਤੀ ਦਾ ਜਾਇਜ਼ਾ ਲੈਣ ਆਏ। ਉਨ੍ਹਾਂ ਦੋਸ਼ ਲਗਾਇਆ ਹੈ ਕਿ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵਲੋਂ ਬੀਤੀ ੭ ਜੁਲਾਈ ਨੂੰ ਇਥੇ ਦਿਤੇ ਗਏ ਭਾਸ਼ਨ ਕਾਰਨ ਫਿਰਕੂਆਂ ਨੂੰ ਸ਼ਹਿ ਮਿਲੀ। ਇਸ ਤੋਂ ਇਲਾਵਾ ਮੁਖ ਮੰਤਰੀ ਭਜਨ ਲਾਲ ਆਪਣੀ ਗਦੀ ਬਚਾਉਣ ਲਈ ਗੜਬੜ ਕਰਵਾ ਰਹੇ ਹਨ। ਗੜਬੜ ਦਾ ਇਕ ਉਦੇਸ਼ ਪੰਜਾਬ ਵਿਚ ਹਿੰਦੂਆਂ ਨੂੰ ਖੁਸ਼ ਕਰਨਾ ਹੈ।ਜਥੇਦਾਰ ਰਛਪਾਲ ਸਿੰਘ ਦੇ ਇਸ ਬਿਆਨ ਦੀ ਨਿੰਦਾ ਕੀਤੀ ਗਈ ਕਿ ਸਿਖ ਵਖ ਕੌਮ ਨਹੀਂ ਹੈ। ਸਿਖਾਂ ਵਲੋਂ ਇਕ ੯ ਮੰਬਰੀ ਕਮੇਟੀ ਕਾਇਮ ਕੀਤੀ ਗਈ ਹੈ ਜਿਸਦੇ ਕਨਵੀਨਰ ਸ:ਦੀਦਾਰ ਸਿੰਘ ਕੇਂਦਰੀ ਗ੍ਰਹਿ ਮੰਤਰੀਨੂੰ ਮਿਲਣ ਲਈ ਦਿਲੀ ਗਏ ਹਨ, ਜਿਥੇ ਉਹ ਉਸ ਨੂੰ ਸਿਖਾਂ ਨਾਲ ਵਧੀਕੀਆਂ ਬਾਰੇ ਦਸਣਗੇ। ਅਜੀਤ, ੧੨.੭.੯੩

**ਇਸ਼ਤਿਹਾਰੀ ਦੋਸ਼ੀ ਨੂੰ ਝੂਠੇ ਪੁਲਸ ਮੁਕਾਬਲੇ ਚਿ ਮਾਰਿਆ ਗਿਆ ?**

ਚੰਡੀਗੜ: ੧੯ ਜੁਲਾਈ—(ਇੰ. ਐ.) ਲੁਧਿਆਣਾ ਪੁਲਸ ਨੇ ੩ ਦਿਨ ਪਹਿਲਾਂ ਜਗਰਾਉਂ ਨੇੜੇ ਇਕ ਇਸ਼ਤਿਹਾਰੀ ਮੁਲਜ਼ਮ ਦਰਬਾਰਾ ਸਿੰਘ ਦੇ 'ਪੁਲਸ ਮੁਕਾਬਲੇ' ਵਿਚ ਮਾਰੇ ਜਾਣ ਦਾ ਜੋ ਦਾਅਵਾ ਕੀਤਾ ਸੀ, ਕੀ ਉਹ ਝੂਠਾ ਪੁਲਸ-ਮੁਕਾਬਲਾ ਨਹੀਂ ਸੀ ? ਪੁਲਸ ਵਲੋਂ ਦਸੀ ਗਈ ਕਹਾਣੀ ਅਨੁਸਾਰ ਦਰਬਾਰਾ ਸਿੰਘ ਅਤੇ ਉਸ ਦਾ ਇਕ ਸਾਥੀ ਮੋਟਰ ਸਾਈਕਲ ਤੇ ਜਗਰਾਉਂ ਨੇੜੇ ਅਖਾੜਾ ਨਹਿਰ ਵਲ ਜਾ ਰਹੇ ਸਨ ਕਿ ਪੁਲਸ ਵਲੋਂ ਰੋਕਣ ਤੇ ਉਨ੍ਹਾਂ ਨੇ ਪੁਲਸ ਤੇ ਗੋਲੀ ਚਲਾ ਦਿਤੀ। ਜਵਾਬ ਵਿਚ ਪੁਲਸ ਨੇ ਵੀ ਗੋਲੀ ਚਲਾਈ, ਜਿਸ ਵਿਚ ਦਰਾਬਰਾ ਸਿੰਘ ਮੌਕੇ ਤੇ ਮਾਰਿਆ ਗਿਆ, ਪਰ ਉਸ ਦਾ ਸਾਥੀ ਭਜਣ ਵਿਚ ਸਫਲ ਹੋ ਗਿਆ।

ਇਸ ਦੇ ਉਲਟ ਭਰੋਸੇ ਯੋਗ ਸੂਤਰਾਂ ਅਨੁਸਾਰ ਦਰਬਾਰਾ ਸਿੰਘ ਨੂੰ ੧੫ ਜੁਲਾਈ ਨੂੰ ਸਵੇਰੇ ੧੧ ਵਜੇ ਸੈਕਟਰ ੩੭ ਅਤੇ ੪੦ ਦੇ ਵਿਚਕਾਰਲੀ ਸੜਕ ਤੇ ਦੇਖਿਆ ਗਿਆ ਤੇ ਉਸ ਵੇਲੇ ਉਹ ਇਕ ਸੀ.ਆਈ.ਏ. ਇੰਸਪੈਕਟਰ ਦੀ ਅਗਵਾਈ ਵਿਚ ਪੁਲਸ ਪਾਰਟੀ ਨਾਲ ਗਲਬਾਤ ਕਰ ਰਿਹਾ ਸੀ ਤੇ ਉਸ ਦਾ ਮੋਟਰ ਸਾਈਕਲ (ਪੀ.ਬੀ.ਟੀ. ੩੭੯੮) ਸੜਕ ਦੇ ਨਾਲ ਹੀ ਖੜਾ ਸੀ। ਬਹੁਤ ਸਾਰੇ ਦੁਕਾਨਦਾਰ ਅਤੇ ਕ੍ਰਿਤੀਆਂ ਨੇ ਉਸ ਨੂੰ ਉਥੇ ਦੇਖਿਆ ਕਿ ਪੁਲਸ ਉਸ ਨੂੰ ੧੭ ਸੈਕਟਰ ਵਲ ਲਿਜਾ ਰਹੀ ਹੈ। ਦਰਬਾਰਾ ਸਿੰਘ ਨੂੰ ਸੈਂਟਰਲ ਪੁਲਸ ਸਟੇਸ਼ਨ ਚਿ ਰਖਿਆ ਗਿਆ ਤੇ ਪੁਛਗਿਛ ਕੀਤੀ ਗਈ। ਇਸ ਪਿਛੋਂ ਉਸ ਨੂੰ ਮੋਹਾਲੀ ਵਲ ਲਿਜਾਇਆ ਗਿਆ, ਜਿਥੇ ਕਿਹਾ ਜਾਂਦਾ ਹੈ ਕਿ ਪੁਲਸ ਨੇ ਉਸ ਨੂੰ ਬੁਰੀ ਤਰ੍ਹਾਂ ਕੁਟਿਆ ਮਾਰਿਆ। ਤੜਕੇ ੪ ਵਜੇ ਉਸ ਨੂੰ ਸੈਕਟਰ ੩੭ ਵਿਚਲੇ ਉਸ ਦੇ ਘਰ ਲਿਆਂਦਾ ਗਿਆ, ਜਿਥੇ ਪੁਲਸ ਨੇ ਘਰ ਦੀ ਤਲਾਸ਼ੀ ਲਈ ਤੇ ਦੋਸ਼ ਲਾਇਆ ਜਾਂਦਾ ਹੈ ਕਿ ਪੁਲਸ ਨੇ ਸੋਨੇ ਦੀਆਂ ਅੰਗੂਠੀਆਂ ਸਮੇਤ ਕਈ ਕੀਮਤੀ ਵਸਤਾਂ ਚੁਕ ਲਈਆਂ। ਦਰਬਾਰਾ ਸਿੰਘ ਨੂੰ ਉਸ ਦੇ ਭਰਾ ਲਾਲਜੀ ਬਾਰੇ ਪੁਛਗਿਛ ਕੀਤੀ ਗਈ, ਜੋ ਪੁਲਸ ਨੂੰ ਲਭ ਨਹੀਂ ਸੀ ਸਕਿਆ। ਦਰਬਾਰਾ ਸਿੰਘ ਦੀ ਗ੍ਰਿਫਤਾਰੀ ਦੀ ਸੂਚਨਾ ਚੰਡੀਗੜ੍ਹ ਪੁਲਸ ਨੂੰ ਨਾ ਦਿਤੀ ਗਈ। ਪੁਲਸ ਪਾਰਟੀ ਦਰਬਾਰਾ ਸਿੰਘ, ਉਸ ਦੀਆਂ ੨ ਜਵਾਨ ਭੈਣਾ ਅਮਰਜੀਤ ਕੌਰ ਅਤੇ ਸੁਰਜੀਤ ਕੌਰ ਤੇ ਉਹਨਾਂ ਦੀ ਮਾਂ ਨੂੰ ਲੁਧਿਆਣਾ ਲੈ ਗਈ। ਕਿਹਾ ਜਾਂਦਾ ਹੈ ਕਿ ਮਾਂ ਤੇ ਦੋਵੇਂ ਭੈਣਾਂ ਅਜੇ ਵੀ ਉਥੇ ਹੀ ਹਨ। ਅਗਲੇ ਦਿਨ ਦਰਬਾਰਾ ਸਿੰਘ 'ਪੁਲਸ ਮੁਕਾਬਲੇ' ਵਿਚ ਮਾਰਿਆ ਗਿਆ। ਉਸ ਵਲੋਂ ਪੁਲਸ ਪਾਰਟੀ ਤੇ ਹਮਲਾ ਕਰਨ ਦੇ ਦੋਸ਼ ਵਿਚ ਧਾਰਾ ੩੦੭ ਅਧੀਨ ਕੇਸ ਦਰਜ ਕੀਤਾ ਗਿਆ ਹੈ। ਅਜੀਤ, ੨੦-੭-੯੩


www.AKJ.Org

## ਸਿਖਾਂ ਨੂੰ ਕੌਮ ਨਾ ਮੰਨਣਾ ਧਰਮ ਦੀ ਅਜ਼ਾਦੀ ਤੇ ਹਮਲਾ–ਸੰਤ ਲੌਂਗੋਵਾਲ

**ਦਲ ਦੇਸ਼ ਦੀ ਅਖੰਡਤਾ ਦਾ ਹਾਮੀ ਅਤੇ ਹਰ ਕੁਰਬਾਨੀ ਕਰੇਗਾ–**

ਅੰਮ੍ਰਿਤਸਰ, ੨੦ ਜੁਲਾਈ–ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕਿਹਾ ਹੈ ਕਿ ਸਿਖਾਂ ਨੂੰ ਇਕ ਕੌਮ ਨਾ ਮੰਨਣਾ ਤੇ ਜਬਰੀ ਹਿੰਦੂ ਕਾਨੂੰਨਾਂ ਵਿਚ ਜਕੜਨਾ ਅਤਿ ਦਰਜੇ ਦੀ ਫਿਰਕਾਪ੍ਰਸਤੀ ਅਤੇ ਧਰਮ ਦੀ ਆਜ਼ਾਦੀ ਤੇ ਹਮਲਾ ਹੈ। ਇਸ ਲਈ ਸਿਖਾਂ ਦੇ ਵਖਰੇ 'ਪਰਸਨਲ ਲਾਅ' ਦੀ ਲੋੜ ਹੈ।

ਸੰਤ ਜੀ ਨੇ ਕਥਤ ਪੰਜਾਬ ਦਿਵਸ ਦੇ ਮੌਕੇ ਤੇ ਭਾਜਪਾ ਨੇਤਾਵਾਂ, ਸ੍ਰੀ ਸਿਕੰਦਰ 'ਬਖਤ' ਤੇ ਲਾਲ ਕ੍ਰਿਸ਼ਨ ਅਡਵਾਨੀ ਵਲੋਂ ਸ਼ਰੋਮਣੀ ਅਕਾਲੀ ਦਲ ਸਬੰਧੀ ਪ੍ਰਗਟਾਏ 'ਤਥ ਹੀਣ' ਅਤੇ ਸਚਾਈ ਰਹਿਤ ਬਿਆਨਾਂ ਤੇ ਤਿਖਾ ਪ੍ਰਤੀਕਰਮ ਪ੍ਰਗਟ ਕੀਤਾ।

**ਭਾਜਪਾ ਦੀ ਦੋਹਰੀ ਨੀਤੀ**–ਸੰਤ ਜੀ ਨੇ ਕਿਹਾ ਕਿ ਪੰਜਾਬ ਦੇ ਆਰਥਿਕ, ਰਾਜਸੀ ਤੇ ਧਾਰਮਿਕ ਹੱਕਾਂ ਲਈ ਜੂਝ ਰਹੇ ਅਕਾਲੀ ਦਲ ਨੂੰ ਪੰਜਾਬੀਆਂ ਦੇ ਹੱਕਾਂ ਨੂੰ ਦਬਾ ਕੇ ਰਖਣ ਵਾਲੀ ਕਾਂਗ੍ਰਸ ਪਾਰਟੀ ਦੇ ਬਰਾਬਰ ਰਖ ਕੇ ਭਾਜਪਾ ਨੇਤਾ ਦੋਹਰੀ ਖੇਡ ਖੇਡ ਰਹੇ ਹਨ। 'ਜ਼ਾਲਮ ਤੇ ਮਜ਼ਲੂਮ' ਨੂੰ ਇਕੋ ਪਧਰ ਤੇ ਰਖਣਾ ਕਿਧਰ ਦੀ ਦਿਆਨਤਦਾਰੀ ਹੈ ?

**ਅਨੰਦਪੁਰ ਸਾਹਿਬ ਮਤਾ**–ਸੰਤ ਜੀ ਨੇ ਭਾਜਪਾ ਲੀਡਰਾਂ ਵਲੋਂ, ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਅਤੇ 'ਸਿਖ ਇਕ ਕੌਮ' ਸਬੰਧੀ ਪ੍ਰਗਟਾਏ ਵਿਚਾਰਾਂ ਨੂੰ ਰਦ ਕਰਦਿਆਂ ਕਿਹਾ ਕਿ ਅਨੰਦਪੁਰ ਸਾਹਿਬ ਦਾ ਮਤਾ ਵੱਖਵਾਦ ਤੇ ਅਧਾਰਿਤ ਨਹੀਂ ਹੈ ਅਤੇ ਇਹ ਭਾਰਤੀ ਸੰਵਿਧਾਨ ਦੀ ਮੂਲ ਭਾਵਨਾ ਤੇ ਅਧਾਰਿਤ ਹੈ। ਸੰਤ ਜੀ ਨੇ ਕਿਹਾ ਕਿ ਕੇਂਦਰ ਵਲੋਂ ਸੂਬਿਆਂ ਦੇ ਅਧਿਕਾਰਾਂ ਨੂੰ ਘਟ ਕਰਨਾ ਸੰਵਿਧਾਨ ਦੇ ਵਿਰੁੱਧ ਹੈ ਅਤੇ ਸ੍ਰੀ ਅਨੰਦਪੁਰ ਸਾਹਿਬ ਦਾ ਮਤਾ ਦੇਸ਼ ਵਿਚ ਫ਼ੈਡਰਲ ਢਾਂਚੇ ਦੀ ਮੰਗ ਕਰਦਾ ਹੈ।

**ਭਾਰਤ ਬਹੁ-ਕੌਮੀ ਦੇਸ਼**–'ਸਿਖ ਇਕ ਕੌਮ' ਸਬੰਧੀ ਸੰਤ ਜੀ ਨੇ ਦੁਹਰਾਇਆ ਕਿ ਭਾਰਤ ਇਕ ਬਹੁ-ਕੌਮੀ ਦੇਸ਼ ਹੈ ਅਤੇ ਇਥੇ ਬਹੁਤ ਸਾਰੀਆਂ ਕੌਮਾਂ ਵਸਦੀਆਂ ਹਨ, ਜਿਹਨਾਂ ਵਿਚੋਂ 'ਸਿੱਖ' ਵੀ ਇਕ 'ਕੌਮ' ਹੈ। ਸੰਤ ਜੀ ਨੇ ਸਪਸ਼ਟ ਕੀਤਾ ਕਿ ਭਾਰਤ ਵਿਚ ਵਸਣ ਵਾਲੀਆਂ ਹੋਰ ਕੌਮਾਂ ਦੇ ਲੋਕਾਂ ਵਾਂਗ ਭਾਰਤ ਵਿਚ ਵਸਦੇ ਸਿਖਾਂ ਦਾ 'ਕੌਮੀਅਤ' ਵੀ ਭਾਰਤੀ ਹੈ ਅਤੇ ਕਿਸੇ ਨੂੰ ਇਸ ਸਬੰਧੀ ਭੁਲੇਖਾ ਨਹੀਂ ਰਹਿਣਾ ਚਾਹੀਦਾ। ਸੰਤ ਜੀ ਨੇ ਕਿਹਾ ਕਿ ਅਕਾਲੀ ਦਲ ਭਾਰਤ ਦੀ ਏਕਤਾ ਅਤੇ ਅਖੰਡਤਾ ਦਾ ਮੁਦਈ ਹੈ ਅਤੇ ਇਸ ਦੀ ਅਖੰਡਤਾ ਤੇ ਏਕਤਾ ਲਈ ਹਰ ਕੁਰਬਾਨੀ ਕਰੇਗਾ।

**ਹਿੰਦੂ ਕਾਨੂੰਨ**–ਸੰਤ ਜੀ ਨੇ ਕਿਹਾ ਕਿ ਸਿਖਾਂ ਨੂੰ ਇਕ ਕੌਮ ਨਾ ਮੰਨ ਕੇ ਧਰਮ ਦੀ ਆਜ਼ਾਦੀ ਤੇ ਹਮਲਾ ਹੋ ਰਿਹਾ ਹੈ,ਇਸ ਲਈ ਵਖਰੇ ਪ੍ਰਸਨਲ ਲਾਅ ਦੀ ਲੋੜ ਹੈ। ਸਿਖਾਂ ਨੂੰ ਜ਼ਬਰਦਸਤੀ'ਹਿੰਦੂ ਕਾਨੂੰਨਾਂ'ਵਿਚ ਜਕੜਨ ਵਾਲੇ ਲੋਕ ਸਾਨੂੰ ਧਰਮ ਨਿਰਪੇਖਤਾ ਦਾ ਉਪਦੇਸ਼ ਦੇ ਰਹੇ ਹਨ। ਸੰਤ .ਜੀ ਨੇ ਭਾਜਪਾ ਨੇਤਾਵਾਂ ਨੂੰ ਕਿਹਾ ਕਿ ਉਹ 'ਅਕਾਲੀ ਦਲ' ਨੂੰ ਉਪਦੇਸ਼ ਦਣ ਦੀ ਬਜਾਏ ਭਾਰਤ ਦੇ ਹੁਕਮਰਾਨਾਂ ਨੂੰ ਪੰਜਾਬ ਅਤੇ ਸਿਖਾਂ ਨਾਲ ਇਨਸਾਫ ਕਰਨ ਲਈ ਕਹਿਣ। ਸੰਤ ਜੀ ਨੇ ਕੇਂਦਰ ਤੇ ਦੋਸ਼ ਲਾਇਆ ਕਿ ਉਹ ਪੰਜਾਬ ਤੇ ਸਿਖਾਂ ਦੀਆਂ ਕਾਨੂੰਨੀ ਤੇ ਸੰਵਿਧਾਨਕ ਮੰਗਾਂ ਵਿਚ ਰੋਕ ਪਾ ਕੇ ਸੰਵਿਧਾਨ ਤੇ ਕਾਨੂੰਨ ਦਾ ਅਪਮਾਨ ਕਰ ਰਿਹਾ ਹੈ। ੨੧.੭.੮੩

**ਅੰਮ੍ਰਿਤਸਰ ਚਿ ਖੋਹ ਘਟਨਾਵਾਂ–ਇਸ ਘਟਨਾ ਦੇ ਦੋਸ਼ੀ ਪੁਲਸ ਵਾਲੇ ? ਦੋ ਕਾਬੂ ਕਰ ਲਏ–**

ਅੰਮ੍ਰਿਤਸਰ, ੨੧ ਜੁਲਾਈ–ਸੂਚਨਾ ਅਨੁਸਾਰ..... ਬੀਤੀ ਰਾਤ ਇਥੇ ਖਾਲਸਾ ਕਾਲਜ ਦੇ ਨੇੜੇ ਗੁਰੂ ਨਾਨਕ ਵਾੜਾ ਅਬਾਦੀ ਚਿ ਜੀ.ਟੀ. ਰੋਡ ਤੇ ਸਥਿਤ ਡੇਲੀ ਨੀਡਸ ਦੁਕਾਨ ਤੇ ਤਿੰਨ ਕਥਿਤ ਡਾਕੂਆਂ ਨੇ ਪਿਸਤੌਲ ਵਿਖਾ ਕੇ ਮਾਲਕ ਪਾਸੋਂ ੧੨੦੦/– ਰੁਪੈ ਖੋਹ ਲਏ। ਡਾਕੂ ਜਦੋਂ ਦੋੜਨ ਲੱਗੇ ਤਾਂ ਦੁਕਾਨ ਮਾਲਕ


www.AKJ.Org

ਸੁਰਜੀਤ ਸਿੰਘ ਅਤੇ ਉਸਦੇ ਨੌਕਰਾਂ ਅਤੇ ਹੋਰ ਆਦਮੀਆਂ ਨੇ ਉਨ੍ਹਾਂ ਦਾ ਪਿਛਾ ਕੀਤਾ। ਡਾਕੂਆਂ ਵਿਚੋਂ ਇਕ ਤਾਂ (ਜਿਸ ਕੋਲ ਪੈਸੇ ਸੀ) ਭਜਣ ਵਿਚ ਕਾਮਯਾਬ ਹੋ ਗਿਆ, ਪਰ ਬਾਕੀ ਦੋਵਾਂ ਨੂੰ ਦੁਕਾਨ ਮਾਲਕ ਤੇ ਉਸਦੇ ਸਾਥੀਆਂ ਨੇ ਕਾਬੂ ਕਰ ਲਿਆ। ਜਿਸ ਨਵੇਂ ਸਕੂਟਰ ਉਤੇ (ਜਿਸ ਦਾ ਕੋਈ ਨੰਬਰ ਨਹੀਂ ਸੀ) ਕਥਿਤ ਡਾਕੂ ਆਏ, ਉਹ ਵੀ ਕਬਜ਼ੇ ਵਿਚ ਕਰ ਲਿਆ ਗਿਆ। ਮੁਲਜ਼ਮਾਂ ਨੇ ਥਾਣੇ ਜਾ ਕੇ ਇਕਬਾਲ ਕੀਤਾ ਕਿ ਉਹ ਪੁਲਸ ਕਰਮਚਾਰੀ ਹਨ। ਐਸ. ਐਚ. ਓ. ਥਾਣਾ ਸਦਰ ਨੇ ਸ: ਸੁਰਜੀਤ ਸਿੰਘ ਪਾਸੋਂ ਇਸ ਘਟਨਾ ਬਾਰੇ ਲਿਖਤੀ ਦਰਖਾਸਤ ਲੈ ਲਈ ਹੈ ਅਤੇ ਤਫਤੀਸ਼ ਸ਼ੁਰੂ ਕਰ ਦਿਤੀ ਹੈ। ਭਜਣ ਵਾਲੇ ਮੁਲਜ਼ਮਾਂ ਨੇ ਸ: ਸੁਰਜੀਤ ਸਿੰਘ ਉਪਰ ਪਸਤੌਲ ਦਾ ਫਾਇਰ ਵੀ ਕੀਤਾ, ਪਰ ਉਹ ਵਾਲ ਵਾਲ ਬਚ ਗਿਆ। ਦੂਜੇ ਦੋਹਾਂ ਪਾਸ ਤਲਵਾਰਾਂ ਸਨ, ਜੋ ਪਿਛਾ ਕਰਨ ਵਾਲਿਆਂ ਨੇ ਖੋਹ ਲਈਆਂ। ਅਜੀਤ, ੨੨-੭-੮੩

## *ਅਕਾਲੀ ਮੋਰਚਾ : ਇੰਦਰਾ ਦੀ ਰਾਜਸੀ ਖੇਡ ਦਾ ਮੈਦਾਨ– ਭੁਲੇਖੇ ਪਾਉਣ ਦੇ ਯਤਨ ਜਾਰੀ*

[ਸ: ਗੁਰਬਖਸ਼ ਸਿੰਘ]

ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਇਸ ਸਮੇਂ ਦੋ ਫ਼ਰੰਟਾਂ ਤੇ ਲੜਾਈ ਸ਼ੁਰੂ ਕਰ ਰਖੀ ਹੈ। ਇਕ ਫਰੰਟ ਤਾਂ ਹੈ ਅਕਾਲੀ ਦਲ ਦਾ ਵਿਰੋਧ–ਪ੍ਰਧਾਨ ਮੰਤਰੀ ਇਹ ਸਮਝਦੇ ਹਨ ਕਿ ਜੇ ਪੰਜਾਬ ਦੀਆਂ ਮੰਗਾਂ ਮੰਨੇ ਜਾਣ ਦਾ ਕਰੈਡਿਟ ਅਕਾਲੀ ਦਲ ਨੂੰ ਮਿਲ ਗਿਆ ਤਾਂ ਅਕਾਲੀ ਦਲ ਅਗਲੀਆਂ ਚੋਣਾਂ ਜਿਤ ਲਏਗਾ ਤੇ ਪੰਜਾਬ ਵਿਚ ਉਸ ਤਰ੍ਹਾਂ ਹੀ ਅਕਾਲੀ ਸਰਕਾਰ ਕਾਇਮ ਹੋ ਜਾਏਗੀ, ਜਿਸ ਤਰ੍ਹਾਂ ਕਿ ਕਸ਼ਮੀਰ ਵਿਚ ਨੈਸ਼ਨਲ ਕਾਨਫਰੰਸ ਦੀ ਸਰਕਾਰ ਕਾਇਮ ਹੋਈ, ਆਂਧਰਾ ਵਿਚ ਤੇਲਗੂ ਦੇਸਮ ਸਤਾਧਾਰੀ ਹੋਇਆ ਤੇ ਕਰਨਾਟਕ ਵਿਚ ਜਨਤਾ ਪਾਰਟੀ ਦੀ ਸਰਕਾਰ ਕਾਇਮ ਹੋ ਗਈ। ਪਛਮੀ ਬੰਗਾਲ ਤੇ ਤਾਮਲਨਾਡੂ ਤਾਂ ਪਹਿਲਾਂ ਹੀ ਕਾਂਗਰਸ ਦੇ ਹੱਥਾਂ ਤੋਂ ਨਿਕਲ ਚੁਕੇ ਹਨ। ਇਸ ਲਈ ਕਾਂਗਰਸ ਅਕਾਲੀਆਂ ਦੀਆਂ ਮੰਗਾਂ ਨੂੰ ਰਾਜਸੀ ਮੰਗਾਂ ਕਰਾਰ ਦੇ ਕੇ ਰਾਜਸੀ ਲੜਾਈ ਸਮਝ ਕੇ ਲੜਾਈ ਲੜ ਰਹੀ ਹੈ।

ਦੂਜਾ ਫਰੰਟ ਹੈ, ਅਪੋਜ਼ੀਸ਼ਨ ਵਿਰੁਧ–ਪੰਜਾਬ ਦਾ ਮਸਲਾ ਹਲ ਕਰਨ ਲਈ ਇੰਦਰਾ ਗਾਂਧੀ ਨੇ ਆਪ ਅਪੋਜ਼ੀਸ਼ਨ ਨੂੰ ਸੱਦਾ ਦਿਤਾ ਕਿ ਉਹ ਅਕਾਲੀ-ਸਰਕਾਰ ਗਲਬਾਤ ਵਿਚ ਸ਼ਾਮਲ ਹੋਵੇ, ਤਾਂ ਜੁ ਉਸ ਨੂੰ ਪਤਾ ਲਗੇ ਕਿ ਅਕਾਲੀ ਕੀ ਚਾਹੁੰਦੇ ਹਨ ਤੇ ਸਰਕਾਰ ਦਾ ਦ੍ਰਿਸ਼ਟੀਕੋਣ ਕੀ ਹੈ? ਅਕਾਲੀ-ਸਰਕਾਰ-ਅਪੋਜ਼ੀਸ਼ਨ ਮੀਟਿੰਗਾਂ ਹੋਈਆਂ। ਅਪੋਜ਼ੀਸ਼ਨ ਨੇ ਅਕਾਲੀ ਦਲ ਦੀਆਂ ਮੰਗਾਂ ਨੂੰ ਯੋਗ ਕਰਾਰ ਦਿੰਦੇ ਹੋਏ ਕਿਹਾ ਕਿ ਇਹ ਮੰਨ ਲੈਣੀਆਂ ਚਾਹੀਦੀਆਂ ਹਨ। ਉਸ ਸਮੇਂ ਸਰਕਾਰੀ ਪ੍ਰਤੀਨਿਧਾਂ ਨੇ ਵੀ ਮੀਟਿੰਗ ਵਿਚ ਕਹਿ ਦਿਤਾ ਕਿ ਜੋ ਫੈਸਲਾ ਹੋਇਆ ਠੀਕ ਹੈ ਕਿ ਪਾਣੀ ਦੀ ਵੰਡ ਦਾ ਮਾਮਲਾ ਸੁਪਰੀਮ ਕੋਰਟ ਦੇ ਸਪੁਰਦ ਕਰ ਦਿਤਾ ਜਾਏ। ਪਰ ਸਰਕਾਰ ਨੇ ਹੁਣ ਤਕ ਕੁਝ ਨਹੀਂ ਕੀਤਾ ਅਤੇ ਨਾ ਹੀ ਸਰਕਾਰ ਇਸ ਮੂਡ ਵਿਚ ਲਗਦੀ ਹੈ। ਹਰ ਵਾਰ ਇਹ ਹੀ ਕਹਿ ਦਿਤਾ ਜਾਂਦਾ ਹੈ ਕਿ ਜੋ ਮਸਲੇ ਹਰਿਆਣਾ ਅਤੇ ਰਾਜਿਸਥਾਨ ਨਾਲ ਸਬੰਧਤ ਹਨ, ਉਹ ਹਰਿਆਣਾ ਤੇ ਰਾਜਿਸਥਾਨ ਦੀ ਸਲਾਹ ਨਾਲ ਹੀ ਹਲ ਕੀਤੇ ਜਾਣਗੇ। ਅਕਾਲੀ ਮੋਰਚਾ ਸ਼ੁਰੂ ਹੋਇਆਂ ਇਕ ਸਾਲ ਹੋ ਗਿਆ। ਕੀ ਇਕ ਸਾਲ ਵਿਚ ਕੇਂਦਰੀ ਸਰਕਾਰ ਉਹਨਾਂ ਨਾਲ ਮਸ਼ਵਰਾ ਨਹੀਂ ਕਰ ਸਕੀ?

ਹੁਣ ਇੰਦਰਾ ਗਾਂਧੀ ਨੇ ਇਹ ਦੋਸ਼ ਲਗਾਇਆ ਹੈ ਕਿ ਅਪੋਜ਼ੀਸ਼ਨ ਵਾਲੇ ਉਲਝਣਾਂ ਪਾ ਰਹੇ ਹਨ, ਅਰਥਾਤ ਅਪੋਜ਼ੀਸ਼ਨ ਵਾਲੇ ਮਸਲਾ ਹਲ ਨਹੀਂ ਹੋਣ ਦਿੰਦੇ। ਕਿਵੇਂ? ਇਸ ਦਾ ਉਤਰ ਪ੍ਰਧਾਨ ਮੰਤਰੀ ਇਹ ਕਹਿ ਕੇ ਦਿੰਦੇ ਹਨ ਕਿ ਅਪੋਜ਼ੀਸ਼ਨ ਵਾਲੇ ਉਨ੍ਹਾਂ ਨੂੰ ਕੁਝ ਕਹਿੰਦੇ ਹਨ ਅਤੇ ਮੰਗ ਕਰਦੇ ਹਨ ਕਿ ਪੰਜਾਬ ਦੇ ਹਾਲਾਤ ਨਾਲ ਸਖਤੀ ਨਾਲ ਨਿਪਟਿਆ ਜਾਏ, ਪਰ ਜਦ ਉਹ ਅਕਾਲੀ ਲੀਡਰਾਂ ਪਾਸ ਜਾਂਦੇ ਹਨ ਤਾਂ ਉਹਨਾ ਨੂੰ ਭੜਕਾਂਦੇ ਹਨ ਅਤੇ ਕਹਿੰਦੇ ਹਨ "ਡਟੇ ਰਹੋ"––ਪ੍ਰਧਾਨ ਮੰਤਰੀ ਨੇ ਇਹ ਗੱਲ ਕਈ ਵਾਰ ਕਹੀ ਹੈ, ਪਰ ਉਹਨਾਂ ਨੇ ਅਜ ਤਕ ਕਿਸੇ ਲੀਡਰ ਦਾ ਨਾਮ ਨਹੀਂ ਲਿਆ ਕਿ ਕਿਹੜਾ ਲੀਡਰ ਉਹਨਾਂ ਨੂੰ


www.AKJ.Org

'ਸਖਤੀ' ਕਰਨ ਲਈ ਕਹਿੰਦਾ ਹੈ ਤੇ ਕਿਹੜਾ ਅਕਾਲੀਆਂ ਨੂੰ ਭੜਕਾਂਦਾ ਹੈ। ਆਖਰਕਾਰ ਸਰਕਾਰ ਪਾਸ ਉਹਨਾਂ ਦੀ ਗੱਲਬਾਤ ਦਾ ਰਿਕਾਰਡ ਤਾਂ ਹੋਵੇਗਾ। ਪਰ ਇੰਦਰਾ ਨੂੰ ਪਤਾ ਹੈ ਕਿ ਜੇ ਉਹਨਾਂ ਨੇ ਕਿਸੇ ਲੀਡਰ ਦਾ ਨਾਮ ਲੈ ਲਿਆ ਤਾਂ ਬਣਿਆ ਬਣਾਇਆ ਖੇਲ ਵਿਗੜ ਜਾਏਗਾ। ਕੋਈ ਲੀਡਰ ਵੀ ਇਹ ਗੱਲ ਮੰਨਣ ਲਈ ਤਿਆਰ ਨਹੀਂ ਹੋਵੇਗਾ ਕਿ ਉਸ ਨੇ ਪ੍ਰਧਾਨ ਮੰਤਰੀ ਨੂੰ ਜੋ ਗੱਲ ਕਹੀ, ਸੰਤ ਲੌਂਗੋਵਾਲ ਨੂੰ ਉਸ ਤੋਂ ਉਲਟ ਕਹੀ।

ਇਸ ਤਰ੍ਹਾਂ ਇੰਦਰਾ ਗਾਂਧੀ ਇਕ ਤੀਰ ਨਾਲ ਦੋ ਸ਼ਿਕਾਰ ਕਰਨਾ ਚਾਹੁੰਦੇ ਹਨ। ਇਕ ਤਾਂ ਇਹ ਕਿ ਅਕਾਲੀ ਮੋਰਚੇ ਵਿਰੁਧ ਜੇ ਉਹ ਸਖਤੀ ਵਰਤਦੇ ਹਨ ਤਾਂ ਕਹਿਣਗੇ ਕਿ ਅਪੋਜ਼ੀਸ਼ਨ ਉਹਨਾਂ ਨੂੰ ਸਖਤੀ ਵਰਤਣ ਲਈ ਕਹਿੰਦੀ ਹੈ ਅਤੇ ਇਸ ਦੇ ਨਾਲ ਹੀ ਉਹ ਅਕਾਲੀ ਦਲ ਤੇ ਅਪੋਜ਼ੀਸ਼ਨ ਵਿਚ ਗਲਤ-ਫਹਿਮੀ ਪੈਦਾ ਕਰਨ ਦੇ ਯਤਨਾਂ ਵਿਚ ਹਨ। ਇੰਦਰਾ ਸਮਝਦੇ ਹਨ ਕਿ ਅਕਾਲੀ ਦਲ ਤੇ ਅਪੋਜ਼ੀਸ਼ਨ ਵਿਚ ਜਿੰਨੀ ਗਲਤ-ਫਹਿਮੀ ਵਧੇਗੀ, ਉਨਾ ਹੀ ਕਾਂਗਰਸ ਨੂੰ ਲਾਭ ਪੁਜੇਗਾ। ਇਸ ਲਈ ਉਹ ਮਾਮਲੇ ਨੂੰ ਵਧਾਣਾ ਚਾਹੁੰਦੇ ਹਨ। ਭਾਜਪਾ ਵਾਲਿਆਂ ਨੇ ਖਾਹਮਖਾਹ ਹੀ ਅਕਾਲੀ ਦਲ ਨਾਲ ਬਹਿਸ ਛੇੜ ਰਖੀ ਹੈ। ਜਦ ਭਾਜਪਾ ਵਾਲੇ ਅਕਾਲੀ ਲੀਡਰਾਂ ਤੇ ਹਮਲੇ ਕਰਦੇ ਹਨ ਅਤੇ ਅਕਾਲੀ ਦਲ ਤੇ ਸਰਕਾਰ ਨੂੰ ਇਕ ਹੀ ਪਧਰ ਤੇ ਰਖਦੇ ਹਨ ਤਾਂ ਅਕਾਲੀ ਲੀਡਰਾਂ ਨੇ ਉਸ ਦਾ ਉਤਰ ਤਾਂ ਦੇਣਾ ਹੋਇਆ, ਅਤੇ ਉਹ ਦੇ ਵੀ ਰਹੇ ਹਨ। ਪਰ ਦੂਜੇ ਅਪੋਜ਼ੀਸ਼ਨ ਲੀਡਰ ਸਿਆਣਪ ਦਾ ਸਬੂਤ ਦੇ ਰਹੇ ਹਨ ਕਿ ਉਹ ਇੰਦਰਾ ਦੀ ਇਸ ਗੱਲ ਨੂੰ ਸਮਝਦੇ ਹਨ। ਫਿਰ ੩੦ ਜੂਨ ਨੂੰ ਅਪੋਜ਼ੀਸ਼ਨ ਪਾਰਟੀਆਂ ਦੀ ਜੋ ਮੀਟਿੰਗ ਹੋਈ, ਉਸ ਵਿਚ ਅਕਾਲੀ ਦਲ ਦੀਆਂ ਮੰਗਾਂ ਨੂੰ ਫਿਰ ਯੋਗ ਮੰਨ ਲਿਆ ਗਿਆ। ਪਰ ਇੰਦਰਾ ਗਾਂਧੀ ਜਦ ਇਸ ਨੂੰ ਰਾਜਸੀ ਲੜਾਈ ਦਾ ਰੂਪ ਹੀ ਦੇ ਰਹੇ ਹਨ ਤਾਂ ਇਹ ਮਸਲਾ ਹਲ ਹੋਵੇ ਤਾਂ ਕਿਸ ਤਰ੍ਹਾਂ? ਫਿਰ ਉਹਨਾਂ ਦੇ ਵਾਰ ਵਾਰ ਇਹ ਕਹਿਣ ਦਾ ਕੀ ਮਤਲਬ ਕਿ ਅਕਾਲੀ ਮੰਗਾਂ ਸਾਰੇ ਸਿਖਾਂ ਦੀਆਂ ਮੰਗਾਂ ਨਹੀਂ ਹਨ। ਸੁਆਲ ਤਾਂ ਇਹ ਹੈ ਕਿ ਇਹ ਮੰਗਾਂ ਯੋਗ ਹਨ ਜ ਨਹੀਂ। ਜਦੋਂ ਅਪੋਜ਼ੀਸ਼ਨ ਕਹਿੰਦੀ ਹੈ ਕਿ ਮੰਗਾਂ ਯੋਗ ਹਨ ਤੇ ਪ੍ਰਧਾਨ ਮੰਤਰੀ ਵੀ ਉਹਨਾਂ ਨੂੰ ਅਯੋਗ ਕਰਾਰ ਨਹੀਂ ਦਿੰਦੇ ਰਹੇ, ਸਗੋਂ ਹਰਿਆਣਾ ਤੇ ਰਾਜਸਥਾਨ ਨਾਲ ਮਸ਼ਵਰਾ ਕਰਨ ਦੀ ਗੱਲ ਆਖਦੇ ਹਨ ਤਾਂ ਇਹ ਮੰਗਾਂ ਅਯੋਗ ਤਾਂ ਨਹੀਂ ਹੋਈਆਂ। ਇਹ ਤਾਂ ਮੰਗਾਂ ਨੂੰ ਲਟਕਾਉਣ ਵਾਲੀ ਗੱਲ ਹੀ ਹੋਈ।

**ਸੰਤ ਲੌਂਗੋਵਾਲ**–ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਪੁਜ਼ੀਸ਼ਨ ਬਿਲਕੁਲ ਸਪੱਸ਼ਟ ਹੈ। ਉਹਨਾਂ ਨੇ ਗੱਲਬਾਤ ਤੋਂ ਕਦੀ ਇਨਕਾਰ ਨਹੀਂ ਕੀਤਾ। ਪਰ ਹੁਣ ਉਹਨਾਂ ਦਾ ਕਹਿਣਾ ਹੈ ਕਿ ਜੋ ਗੱਲ ਦਰਜਨਾਂ ਵਾਰ ਹੋ ਚੁਕੀ ਹੈ, ਸਰਕਾਰ ਤੇ ਅਪੋਜ਼ੀਸ਼ਨ ਤੇ ਅਕਾਲੀ ਦਲ ਆਪਣੀ ਪੁਜ਼ੀਸ਼ਨ ਸਪੱਸ਼ਟ ਕਰ ਚੁੱਕਿਆ ਹੈ ਤਾਂ ਇਸ ਨੂੰ ਲਮਕਾਉਣ ਦਾ ਕੀ ਲਾਭ? ਸਰਕਾਰ ਹੀ ਹੁਣ ਫ਼ੈਸਲਾ ਕਰੇ। ਸ੍ਰੀ ਸੇਠੀ ਸੰਤ ਜੀ ਨੂੰ ਪੱਤਰ ਲਿਖਦੇ ਹਨ ਕਿ ਉਹਨਾਂ ਨੂੰ ਅਖਬਾਰਾਂ ਰਾਹੀਂ ਪਤਾ ਲਗਾ ਕਿ ਉਹ (ਸੰਤ ਜੀ) ਗੱਲਬਾਤ ਕਰਨਾ ਚਾਹੁੰਦੇ ਹਨ ਤਾਂ ਉਹ ਕਰ ਸਕਦੇ ਹਨ। ਇਹ ਸੱਦਾ ਹੈ ਜਾਂ ਕੁਝ ਹੋਰ? ਸੰਤ ਜੀ ਕਹਿੰਦੇ ਹਨ ਕਿ ਗੱਲਬਾਤ ਕਿਸ ਬਿਨਾ ਤੇ ਹੋਵੇ। ਜੇ ਅਸੀਂ ਮੰਗਾਂ ਦੁਹਰਾ ਦੇਣੀਆ ਹਨ ਤੇ ਸਰਕਾਰ ਨੇ ਘੜਿਆ ਘੜਾਇਆ ਉਤਰ ਦੇਣਾ ਹੈ ਕਿ ਅਸੀਂ ਹਰਿਆਣਾ ਤੇ ਰਾਜਿਸਥਾਨ ਨਾਲ ਮਸ਼ਵਰਾ ਕਰਾਂਗੇ ਤਾਂ ਇਹ ਮਸਲਾ ਹਲ ਹੋਵੇ ਤਾਂ ਕਿਸ ਤਰ੍ਹਾਂ? ਸੰਤ ਜੀ ਨੇ ਸ੍ਰੀ ਸੇਠੀ ਨੂੰ ਕਿਹਾ ਕਿ ਇਸ ਤਰ੍ਹਾਂ ਦੀਆਂ ਗੱਲਾਂ ਕਰ ਕੇ ਕਿ ਅਸੀਂ ਤਾਂ ਸੰਤ ਜੀ ਨਾਲ ਗੱਲਬਾਤ ਕਰਨਾ ਚਾਹੁੰਦੇ ਹਾਂ, ਸੰਤ ਜੀ ਨਹੀਂ ਮੰਨਦੇ, ਜਾਂ ਗਲਬਾਤ ਲਈ ਤਿਆਰ ਨਹੀਂ, ਭੁਲੇਖਾ ਪਾਉਣ ਵਾਲੀ ਹੀ ਗੱਲ ਹੈ ਤੇ ਇਸ ਦ, ਕੋਈ ਹਲ ਨਹੀਂ ਨਿਕਲ ਸਕਦਾ। ਜਦ ਸੰਤ ਜੀ ਇਹ ਗਲ ਕਹਿੰਦੇ ਹਨ ਤਾਂ ਝਟਪਟ ਪਰਚਾਰ ਸ਼ੁਰੂ ਹੋ ਜਾਂਦਾ ਹੈ ਕਿ ਸੰਤ ਜੀ ਨੇ ਗੱਲਬਾਤ ਦਾ ਸੱਦਾ ਰਦ ਕਰ ਦਿਤਾ।

**ਸ੍ਰੀ ਬਹੁਗੁਣਾ**–ਇਸ ਸਮੇਂ ਅਪੋਜ਼ੀਸ਼ਨ ਦੀ ਕਿਸੇ ਵੀ ਪਾਰਟੀ ਨੂੰ ਵੇਖ ਲਿਆ ਜਾਏ, ਉਹ ਅਕਾਲੀ ਮੰਗਾਂ ਦੇ ਵਿਰੁਧ ਨਹੀਂ ਹਨ। ਪੰਜਾਬ ਭਾਜਪਾ ਵੀ ਇਹ ਕਹਿੰਦੀ ਹੈ ਕਿ ਚੰਡੀਗੜ੍ਹ ਪੰਜਾਬ ਨੂੰ ਮਿਲਣਾ ਚਾਹੀਦਾ


www.AKJ.Org

ਹੈ ਅਤੇ ਦਰਿਆਈ ਪਾਣੀ ਦੀ ਵੰਡ ਵਿਚ ਵੀ ਪੰਜਾਬ ਨਾਲ ਇਨਸਾਫ ਹੋਣਾ ਚਾਹੀਦਾ ਹੈ। ਅਕਾਲੀ ਦਲ ਦੀਆਂ ਵੀ ਇਹ ਮੰਗਾਂ ਹਨ। ਇਸ ਸਮੇਂ ਵੀ ਸ੍ਰੀ ਬਹੁਗੁਣਾ ਅਪੋਜ਼ੀਸ਼ਨ ਦੇ ਬੁਲਾਰੇ ਬਣੇ ਹੋਏ ਹਨ। ਉਹਨਾਂ ਨੇ ਹੀ ਦਿੱਲੀ ਵਿਚ ਅਪੋਜ਼ੀਸ਼ਨ ਪਾਰਟੀਆਂ ਦੀ ਮੀਟਿੰਗ ਸੱਦੀ ਤੇ ਹੁਣ ਉਹਨਾਂ ਨੇ ਅੰਮ੍ਰਿਤਸਰ ਆ ਕੇ ਸੰਤ ਲੌਂਗੋਵਾਲ ਨਾਲ ਗਲਬਾਤ ਕੀਤੀ ਅਤੇ ਉਹਨਾਂ ਪਾਸੋਂ ਇਸ ਗੱਲ ਦੀ ਸਪਸ਼ਟਤਾ ਲਈ ਕਿ "ਕੌਮ" ਜਾਂ "NATION" ਤੋਂ ਉਹਨਾਂ ਦੀ ਕੀ ਮੁਰਾਦ ਹੈ। ਸੰਤ ਜੀ ਨੇ ਕਿਹਾ ਕਿ ਕੌਮ ਦਾ ਮਤਲਬ ਇਹ ਤਾਂ ਨਹੀਂ ਕਿ ਸਾਡਾ ਦੇਸ਼ ਵੀ ਵਖ ਹੋ ਗਿਆ। ਸ੍ਰੀ ਬਹੁਗੁਣਾ ਨੇ ਇੰਦਰਾ ਬਾਰੇ ਕਿਹਾ ਕਿ ਉਹ ਪੰਜਾਬ ਵਿਚ ਹਿੰਦੂ ਫਿਰਕਾਪ੍ਰਸਤੀ ਨੂੰ ਵਧਾਵਾ ਦੇ ਰਹੇ ਹਨ। ਸ਼ਾਇਦ ਜੰਮੂ ਕਸ਼ਮੀਰ ਦੀ ਮਿਸਾਲ ਉਹਨਾਂ ਦੇ ਸਾਹਮਣੇ ਹੈ। ਵਾਦੀ ਕਸ਼ਮੀਰ ਵਿਚ ਕਾਂਗਰਸ ਦਾ ਲਗਪਗ ਸਫਾਇਆ ਹੋ ਗਿਆ ਹੈ, ਜਿਥੇ ਕਿ ਮੁਸਲਮ ਵੋਟਾਂ ਦੀ ਭਾਰੀ ਬਹੁ-ਗਿਣਤੀ ਹੈ, ਜਦ ਕਿ ਜੰਮੂ ਵਿਚ ਕਾਂਗਰਸ ਨੇ ਪੈਰ ਜਮਾ ਲਏ, ਜਿਥੇ ਕਿ ਹਿੰਦੂਆਂ ਦੀ ਬਹੁਗਿਣਤੀ ਹੈ ਤੇ ਭਾਜਪਾ ਦਾ ਸਫਾਇਆ ਹੋ ਗਿਆ। ਭਾਜਪਾ ਨੂੰ ਜੰਮੂ ਵਿਚ ਦਿਲੀ ਨਾਲੋਂ ਵੀ ਭੈੜੀ ਹਾਰ ਹੋਈ। ਇਹ ਗਲ ਵੀ ਵਰਨਣ ਯੋਗ ਹੈ ਕਿ 'ਸੰਡੇ ਅਬਜ਼ਰਵਰ' ਨੇ ਇਥੋਂ ਤਕ ਲਿਖਿਆ ਹੈ ਕਿ ਰਾਜਸੀ ਹਲਕੇ ਇਸ ਗੱਲ ਤੇ ਚਿੰਤਤ ਹਨ ਕਿ ਪ੍ਰਧਾਨ ਮੰਤਰੀ ਹਿੰਦੂ ਫਿਰਕਾ-ਪ੍ਰਸਤੀ ਨੂੰ ਬੜਾਵਾ ਦੇ ਰਹੇ ਹਨ ਤੇ ਹਿੰਦੂ ਸੰਗਠਨ ਤੇ ਹਿੰਦੂ ਸੰਮਤੀ ਦੇ ਵਫਦਾਂ ਨੂੰ ਮੁਲਾਕਾਤਾਂ ਲਈ ਸਮਾਂ ਦੇਣਾ ਵੀ ਇਸ ਸਿਲਸਿਲੇ ਦੀ ਹੀ ਕੜੀ ਹਨ। ਅਜੀਤ, ੨੩-੭-੮੩

(੨)

ਅਕਾਲੀ ਮੋਰਚਾ ਸ਼ੁਰੂ ਹੋਇਆਂ ਲਗਪਗ ਇਕ ਸਾਲ ਹੋ ਗਿਆ। ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਸੰਗਤਾਂ ਨੂੰ ਕਿਹਾ ਹੈ ਕਿ ਉਹ ੪ ਅਗਸਤ ਨੂੰ ਗੁਰੂ ਗਰੰਥ ਸਾਹਿਬ ਦੇ ਪਾਠ ਦੇ ਭੋਗ ਪਾ ਕੇ ਵਾਹਿਗੁਰੂ ਦੇ ਹਜ਼ੂਰ ਵਿਚ ਅਰਦਾਸ ਕਰਨ ਕਿ ਵਾਹਿਗੁਰੂ ਮੋਰਚੇ ਨੂੰ ਸਫਲ ਕਰੇ। ਸੰਤ ਜੀ ਨੇ ਕਿਹਾ ਕਿ ਡੇਢ ਲੱਖ ਸਿੰਘਾਂ ਨੇ ਇਸ ਮੋਰਚੇ ਵਚ ਕੈਦ ਦੀਆਂ ਮੁਸੀਬਤਾਂ ਝਲੀਆਂ ਅਤੇ ੨੦੦ ਦੇ ਲਗਪਗ ਸਿੰਘ ਸ਼ਹੀਦ ਹੋ ਗਏ। ਉਨ੍ਹਾਂ ਦਾ ਖ਼ੂਨ ਅਜਾਈਂ ਨਹੀਂ ਜਾਏਗਾ। ਇਹ ਮੋਰਚਾ ਨੇਕ ਕਾਜ ਵਾਸਤੇ ਹੈ। ਕਰੋੜਾਂ ਪੰਜਾਬੀਆਂ ਦੇ ਹਿਤਾਂ ਦੀ ਰਖਿਆ ਲਈ ਹੈ। ਅਕਾਲੀਆਂ ਦੀਆਂ ਜੋ ਮੰਗਾਂ ਹਨ, ਉਹ ਸੰਤ ਜੀ ਤੇ ਹੋਰ ਅਕਾਲੀ ਲੀਡਰ ਪੂਰੀ ਤਰ੍ਹਾਂ ਸਪਸ਼ਟ ਕਰ ਚੁਕੇ ਹਨ। ਇੰਜ ਜਾਪਦਾ ਹੈ ਕਿ ਸਰਕਾਰੀ ਪ੍ਰਤੀਨਿਧ ਜਾਣ ਬੁਝ ਕੇ ਗਲਤ-ਫਾਹਮੀਆਂ ਪੈਦਾ ਕਰ ਰਹੇ ਹਨ। ਵਜ਼ੀਰਾਂ ਨੇ ਜੋ ਕੁਝ ਕਹਿਣਾ ਹੈ, ਉਸ ਤੋਂ ਪਹਿਲਾਂ ਉਹਨਾਂ ਨੇ ਪ੍ਰਧਾਨ ਮੰਤਰੀ ਦਾ ਮੂਡ ਵੇਖਣਾ ਹੈ, ਤੇ ਅੱਜ ਕਲ੍ਹ ਪ੍ਰਧਾਨ ਮੰਤਰੀ ਦਾ ਮੂਡ ਕੁਝ ਜ਼ਿਆਦਾ ਹੀ ਸਖ਼ਤ ਹੋ ਗਿਆ ਹੈ। ਖਾਸ ਤੌਰ ਤੇ ਉਸ ਵਲੇ ਤੋਂ ਜਦ ਤੋਂ ਉਹ ਬਿਦੇਸ਼ੀ ਦੌਰੇ ਤੋਂ ਵਾਪਸ ਆਏ ਹਨ, ਕਿਉਂਕਿ ਜਿਸ ਦੇਸ਼ ਵਿਚ ਵੀ ਪ੍ਰਧਾਨ ਮੰਤਰੀ ਗਏ, ਉਹਨਾਂ ਪਾਸੋਂ ਸਭ ਤੋਂ ਪਹਿਲਾ ਸੁਆਲ ਸਿਖਾਂ ਦੀਆਂ ਮੰਗਾਂ ਬਾਰੇ ਹੀ ਪੁਛਿਆ ਗਿਆ। ਸਿਖ ਦੁਨੀਆ ਦੇ ਹਰ ਦੇਸ਼ ਵਿਚ ਹਨ ਅਤੇ ਉਹਨਾਂ ਨੇ ਚੰਗੀਆਂ ਪੁਜ਼ੀਸ਼ਨਾਂ ਬਣਾ ਰਖੀਆਂ ਹਨ। ਘਟ ਤੋਂ ਘਟ ਉਹ ਹਰ ਹਾਕਮ ਦੀਆਂ ਨਜ਼ਰਾਂ ਵਿਚ ਤਾਂ ਹਨ। ਇਸ ਲਈ ਦੂਜੇ ਦੇਸ਼ਾਂ ਦੇ ਹਾਕਮ ਜੇ ਪੰਜਾਬ ਬਾਰੇ ਵਾਕਫੀ ਰਖਦੇ ਹਨ ਤਾ ਇਹ ਉਹਨਾਂ ਦਾ ਹੱਕ ਹੈ ਅਤੇ ਅਖਬਾਰਾਂ ਵਾਲਿਆਂ ਨੂੰ ਵੀ ਆਪਣੇ ਪਾਠਕਾਂ ਨੂੰ ਦਸਣ ਲਈ ਮੈਟਰ ਚਾਹੀਦਾ ਹੈ। ਇਸ ਲਈ ਪ੍ਰਧਾਨ ਮੰਤਰੀ ਪਾਸੋਂ ਇਹ ਹੀ ਪੁਛਿਆ ਗਿਆ ਕਿ ਆਖਰਕਾਰ ਇਸ ਛੋਟੀ ਜਿਹੀ (ਸਿਖ) ਕੌਮ ਨੂੰ ਕਿੰਨ੍ਹਾ ਮੁਸ਼ਕਲਾਂ ਦਾ ਸਾਹਮਣਾ ਹੈ ਕਿ ਇਸ ਕੌਮ ਦੇ ਲੋਗ ਕੁਰਬਾਨੀਆਂ ਦੇ ਰਹੇ ਹਨ, ਪੁਲਸ ਦੀਆਂ ਗੋਲੀਆਂ ਖਾ ਰਹੇ ਹਨ, 'ਰਸਤਾ ਰੋਕੋ ਪ੍ਰੋਗਰਾਮ ਬਣਾ ਰਹੇ ਹਨ, ਤਾਂ ਪ੍ਰਧਾਨ ਮੰਤਰੀ ਖਿਝ ਗਏ। ਹੁਣ ਉਹ ਕਹਿ ਰਹੇ ਹਨ ਕਿ ਉਹ ਬਹੁਤ ਨਰਮ ਰਹੇ ਤੇ ਉਹਨਾਂ ਨੇ ਅਕਾਲੀ ਮੋਰਚੇ ਬਾਰੇ ਸਖ਼ਤੀ ਨਹੀਂ ਵਰਤੀ। ਉਹਨਾਂ ਦੇ ਵਜ਼ੀਰ ਵੀ ਹੁਣ ਸਖਤ ਸ਼ਬਦ ਬੋਲ ਰਹੇ ਹਨ।..... ਮਸਲੇ ਦਾ ਇਹ ਇਲਾਜ ਨਹੀਂ ਹੈ ਕਿ ਜੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਪੰਜਾਬ ਦੀਆਂ ਘਟਨਾਵਾਂ ਵਿਚ ਬਦੇਸ਼ੀ ਹਥ ਹੈ ਤਾਂ ਉਹਨਾਂ ਦੇ ਵਜ਼ੀਰਾਂ ਨੇ ਵੀ ਕਹਿ ਦਿਤਾ ਕਿ ਹਾਂ ਬਦੇਸ਼ੀ ਹੱਥ ਹੈ। ਅਜੀਤ, ੨੪-੭-੮੩



www.AKJ.Org

ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥ (੧੩੭੮)

# ਗੁਰੂ ਕਾ ਸਿੱਖ

[ਭਾਈ ਮਹਿੰਦਰ ਸਿੰਘ ਜੀ, ੨੬੯੭-ਦੇਸ਼ ਬੰਧੂ ਗੁਪਤਾ ਰੋਡ, ਕਰੋਲ ਬਾਗ, ਨਵੀਂ ਦਿਲੀ]

ਬੰਦੇ ਖੋਜੁ ਦਿਲ ਹਰ ਰੋਜ, ਨਾ ਫਿਰੁ ਪਰੇਸਾਨੀ ਮਾਹਿ ॥ (੭੨੭)

ਰਾਹ ਚਲਦਾ ਹੋਇਆ ਕੋਈ ਮੁਸਾਫ਼ਰ ਮੰਜ਼ਲ ਤੇ ਪਹੁੰਚਣ ਤੋਂ ਪਹਿਲਾਂ ਹੀ ਕਿਸੇ ਪੜਾਅ ਨੂੰ ਮੰਜ਼ਲ ਸਮਝ ਕੇ ਰੁੱਕ ਜਾਵੇ ਤਾਂ ਉਹ ਮੰਜ਼ਲ ਤੇ ਕਦੀ ਨਹੀਂ ਪਹੁੰਚ ਸਕਦਾ ।

ਕਲਾ ਸਿਖ ਰਿਹਾ ਕੋਈ ਵਿਦਿਆਰਥੀ ਜਿਸ ਵੇਲੇ ਇਹ ਸੋਚ ਲਵੇ ਕਿ ਜਿੰਨਾ ਉਹ ਸਿਖ ਚੁਕਾ ਹੈ, ਉੱਨਾ ਹੀ ਕਾਫ਼ੀ ਹੈ ਤਾਂ ਉਹ ਹੋਰ ਤਰੱਕੀ ਨਹੀਂ ਕਰ ਸਕਦਾ । ਵਡਾ ਇਮਤਿਹਾਨ ਪੈ ਜਾਣ ਤੇ ਫੇਲ੍ਹ ਹੋ ਜਾਂਦਾ ਹੈ, ਸ਼ਰਮਿੰਦਗੀ ਪੱਲੇ ਪੈਂਦੀ ਹੈ ।

ਨਦੀ ਵਿਚ ਵਗਦੇ ਪਾਣੀ ਦਾ ਕੋਈ ਹਿੱਸਾ ਨਦੀ ਦੀ ਧਾਰਾ ਤੋਂ ਵਿਛੜ ਕੇ ਕਿਸੇ ਟੋਏ ਵਿਚ ਜਾ ਪਵੇ ਤਾਂ ਸਮੁੰਦਰ ਵਿਚ ਮਿਲਣ ਤੋਂ ਰਹਿ ਜਾਂਦਾ ਹੈ, ਕਿਸੇ ਕੰਮ ਨਹੀਂ ਆਉਂਦਾ, ਸਗੋਂ ਸੜਾਂਦ ਤੇ ਬਦਬੂ ਪੈਦਾ ਹੋ ਜਾਂਦੀ ਹੈ ।

ਭਸਮ (ਜੋ ਕਿਸੇ ਨਾ ਕਿਸੇ ਵੇਲੇ ਹੋਣਾ ਹੀ ਹੈ) ਹੋਣ ਤੋਂ ਪਹਿਲਾਂ, ਜੇ ਕੋਲਾ ਅੱਗ ਤੋਂ ਵਿਛੜ ਜਾਵੇ ਤਾਂ ਤੱਪ ਤੇ ਤੇਜ ਤੋਂ ਹੀਣਾ ਹੋ ਜਾਂਦਾ ਹੈ, ਕਾਲਾ ਹੋ ਜਾਂਦਾ ਹੈ, ਜਿਹੜਾ ਉਸ ਦੇ ਨਾਲ ਲੱਗੇ ਉਸ ਨੂੰ ਵੀ ਕਾਲਖ ਲੱਗ ਜਾਂਦੀ ਹੈ ।

ਗੁਰਦੁਆਰੇ ਜਾਣ ਵਾਲਾ ਕੋਈ ਸੱਜਣ ਜੇ ਗੁਰੂ ਤੇ ਭਰੋਸਾ ਰਖਦੇ ਹੋਏ ਗੁਰੂ-ਹੁਕਮ ਅਨੁਸਾਰ ਚੱਲਣ ਦੀ ਬਜਾਏ, ਗੁਰਮੁਖਿ ਗਾਡੀ ਰਾਹ ਤੋਂ ਵਿਛੁੜ ਕੇ ਮਨ ਦੀ ਮੱਤ ਧਾਰਨ ਕਰ ਲਵੇ ਤਾਂ ਦੁਨੀਆ ਵਿਚ ਧਰਮੀ ਅਖਵਾਉਂਦਿਆਂ ਹੋਇਆ ਵੀ ਦਰਗਾਹ ਵਿਚ ਸਤਿਕਾਰ ਹਾਸਲ ਨਹੀਂ ਕਰ ਸਕਦਾ । ਪਰਖ ਹੋ ਜਾਣ ਤੇ ਦੁਨੀਆ ਵਿਚ ਵੀ ਰੁਸਵਾਈ ਹੁੰਦੀ ਹੈ ।

ਕੋਈ ਵਿਛੁੜਿ ਜਾਇ ਸਤਿਗੁਰੂ ਪਾਸਹੁ ਤਿਸੁ ਕਾਲਾ ਮੁਹੁ ਜਮਿ ਮਾਰਿਆ ॥
ਤਿਸੁ ਅਗੈ ਪਿਛੈ ਢੋਈ ਨਾਹੀ ਗੁਰਸਿਖੀ ਮਨਿ ਵੀਚਾਰਿਆ ॥ (ਅੰਕ ੩੧੨)

\+ \+ \+

ਇਕ ਵਾਰੀ, ਬੈਠਿਆਂ ਬੈਠਿਆਂ, ਆਪਣੇ ਆਪ ਬਾਰੇ ਇਹ ਖ਼ਿਆਲ ਆਇਆ ਕਿ ਕਿਤਨਾ ਸਮਾਂ ਹੋ ਗਿਆ ਹੈ ਗੁਰਦੁਆਰੇ ਜਾਂਦਿਆਂ, ਬਾਣੀ ਪੜ੍ਹਦਿਆਂ, ਸੁਣਦਿਆਂ ਪਰ ਬਾਣੀ ਵਿਚ ਦਰਜ ਹੁਕਮ ਦੀ ਪਾਲਣਾ ਕਿੱਥੋਂ ਤਕ ਕੀਤੀ ਹੈ । ਕਦੇ ਮਹਾਰਾਜ ਦੇ ਕਿਸੇ ਹੁਕਮ ਵਲ ਖਿਆਲ ਜਾਵੇ, ਕਦੇ ਕਿਸੇ ਹੁਕਮ ਵਲ, ਪਰ ਕੋਸ਼ਿਸ਼ ਦੇ ਬਾਵਜੂਦ ਇਕ ਵੀ ਐਸਾ ਹੁਕਮ ਧਿਆਨ ਵਿਚ ਨਹੀਂ ਆਇਆ ਜਿਸ ਦੀ ਪਾਲਣਾ ਮੈਥੋਂ ਹੋਈ ਹੋਵੇ ।

ਅਖੀਰ ਇਹ ਖ਼ਿਆਲ ਆਇਆ ਕਿ ਗੁਰੂ ਸਾਹਿਬ ਦਾ ਸਿੱਖ ਨੂੰ ਇਕ ਹੁਕਮ ਨਿਤਨੇਮ ਕਰਨ ਦਾ ਵੀ ਹੈ । ਚਲੋ ਸ਼ੁਕਰ ਹੈ ਇਹ ਤਾਂ ਗੁਰੂ ਕਿਰਪਾ ਨਾਲ ਨਿੱਭ ਜਾਂਦਾ ਹੈ । ਪਰ ਉਸੇ ਵੇਲੇ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਕਾਜ਼ੀ ਅਤੇ ਨਵਾਬ ਨਾਲ ਵਾਪਰੀ ਘਟਨਾ ਦੀ ਸਾਖੀ ਯਾਦ ਆ ਗਈ, ਜਿਸ ਅਨੁਸਾਰ ਜੇ ਮਨ ਵਿਚ ਟਿਕਾਉ ਨਹੀਂ ਤਾਂ ਅਦਾ ਕੀਤੀ ਗਈ ਨਿਮਾਜ਼ ਵੀ ਅਜੇ ਸਫਲ ਨਹੀਂ ਹੋਈ । ਮਨ ਵਿਚ ਨਿਰਾਸਤਾ ਆ ਗਈ, ਕਿਉਂਕਿ ਇਸ ਕਸਵੱਟੀ ਅਨੁਸਾਰ ਨਿਤਨੇਮ ਬਾਰੇ ਹੋਈ ਤਸੱਲੀ ਵੀ ਜਾਂਦੀ ਰਹੀ ।

ਇਸ ਤੋਂ ਬਾਅਦ ਇਕ ਵਾਰੀ ਪਾਠ ਕਰਦਿਆਂ ਮਹਾਰਾਜ ਦੇ ਇਹ ਬਚਨ ਸਾਹਮਣੇ ਆਏ :


www.AKJ.Org

"ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥
ਪਰਨਿੰਦਾ ਪਰਮਲੁ ਮੁਖਿ ਸੁਧੀ ਅਗਨਿ ਕ੍ਰੋਧੁ ਚੰਡਾਲੁ ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥" (ਪੰਨਾ ੧੫)

ਅਚਾਨਕ ਅੱਗੇ ਪਾਠ ਕਰਨ ਤੋਂ ਪਹਿਲਾਂ 'ਪਰਨਿੰਦਾ ਪਰਮਲੁ ਮੁਖਿ ਸੁਧੀ' ਦੇ ਅਰਥ ਸਮਝਣ ਦੀ ਕੋਸ਼ਿਸ਼ ਕੀਤੀ ਤਾਂ ਮਨ ਕੰਬ ਗਿਆ ਤੇ ਇਸ ਗੱਲ ਦਾ ਅਹਿਸਾਸ ਹੋਇਆ ਕਿ ਮੈਂ ਤਾਂ ਆਪਣੇ ਆਪ ਨੂੰ ਗੁਰੂ ਕਾ ਸਿੱਖ ਸਮਝਦਾ ਹਾਂ, ਪਰ ਇਸ ਸ਼ਬਦ ਅਨੁਸਾਰ ਤਾਂ :–

ਲੱਬ (ਲਾਲਚ) ਕਰਨ ਵੇਲੇ ਮੇਰੀ ਬਿਰਤੀ ਕੁੱਤੇ ਦੀ, ਝੂਠ ਬੋਲਣ ਵੇਲੇ ਚੂਹੜੇ ਦੀ ਹੈ। ਠੱਗ ਕੇ ਖਾਣਾ ਮੁਰਦਾਰ ਖਾਣ ਦੇ ਤੁੱਲ ਹੈ ਤੇ ਪਰਾਈ ਨਿੰਦਾ ਪਰਾਇਆ ਵਿਸ਼ਟਾ ਮੂੰਹ ਨਾਲ ਚੱਟਣ ਦੇ ਤੁੱਲ ਹੈ। ਕ੍ਰੋਧ ਵੇਲੇ ਮੇਰੀ ਬਿਰਤੀ ਚੰਡਾਲ ਵਾਂਗ ਹੈ। ਅਵਸਥਾ ਤਾਂ ਮੇਰੀ ਇੰਨੀ ਨੀਵਾਂ ਹੈ, ਪਰ ਮਨ ਇਹੀ ਲੋਚਦਾ ਹੈ ਕਿ ਮੇਰੀ ਉਸਤਤ ਹੋਵੇ ।

ਫਿਰ ਮਨ ਦੀਆਂ ਸੋਚਾਂ ਦੇ ਮਜ਼ਮੂਨ ਬਦਲ ਗਏ। ਅੰਦਰ ਝਾਤ ਮਾਰੀ ਤਾਂ ਗੁਰ ਉਪਦੇਸ਼ ਦੀ ਕਮਾਈ ਤੋਂ ਸਖਣਾ ਹੋਣ ਕਰਕੇ ਆਪਣੇ ਅੰਦਰ ਮੰਜ਼ਲ ਤੋਂ ਪਹਿਲਾਂ ਅਟਕੇ ਹੋਏ ਮੁਸਾਫਰ ਦੀ ਤਸਵੀਰ, ਅਧੂਰੀ ਸਿਖਿਆ ਵਾਲੇ ਵਿਦਿਆਰਥੀ ਦੀ ਝਲਕ ਨਜ਼ਰ ਆਈ, ਨਦੀ ਤੋਂ ਵਿਛੜ ਕੇ ਟੋਏ ਵਿਚ ਰੁੱਕੇ ਹੋਏ ਪਾਣੀ ਦੀ ਬਦਬੂ ਮਹਿਸੂਸ ਹੋਈ ਤੇ ਆਪਣੇ ਮਨ ਉਤੇ ਅੱਗ ਤੋਂ ਵਿਛੜੇ ਤਪ-ਹੀਨ, ਤੇਜ-ਹੀਨ ਕੋਲੇ ਦੀ ਕਾਲਖ ਵਰਗਾ ਰੰਗ ਨਜ਼ਰ ਆਇਆ ।


## ਗੁਰਮਤਿ ਪਰਚਾਰ ਲਈ ਪੁਸਤਕਾਂ ਤੇ ਟ੍ਰੈਕਟ 'ਸੂਰਾ' ਪਰਵਾਰ ਵਲੋਂ

ਪੂਰਬ ਜਨਮ ਕੇ ਮਿਲੇ ਸੰਜੋਗੀ (ਜੀਵਨੀ ਬਾਊ ਮੱਲ ਸਿੰਘ ਜੀ ਤੇ ਭਾਈ ਸਾਹਿਬ) ਪ੍ਰੋ: ਠਾਕਰ ਸਿੰਘ ਜੀ ੭-੦੦, ੪-੦੦
ਜੀਵਨ ਚਰਿਤ੍ਰ ਭਾ: ਸਾ: ਭਾਈ ਰਣਧੀਰ ਸਿੰਘ ਜੀ (ਦੂਜੀ ਐਡੀਸ਼ਨ) 'ਸੂਰਾ' ਪਰਵਾਰ ——
੧੯੭੮ ਵਿਸਾਖੀ ਦਾ ਖ਼ੂਨੀ ਸਾਕਾ ਤੇ ੧੩ ਸ਼ਹੀਦੀ ਜੀਵਨ (ਸਚਿਤਰ) ,, ,, ੧-੫੦

| | | | |
|---|---|---|---|
| ਖ਼ਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ | ਭਾ: ਸਾ: ਰਣਧੀਰ ਸਿੰਘ ਜੀ ਲਿਖਤ | |
| ਭਾ: ਸਾ: ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤਰ) | ੨-੫੦ | ਕੀ ਕੇਸ ਰਖਣੇ ਜ਼ਰੂਰੀ ਹਨ ? | ੦-੫੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੪੦ | ਗੁਰਬਾਣੀ ਦੀ ਪਾਰਸ-ਕਲਾ | ੦-੪੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੦-੫੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੨੫ |
| HAIR--A Divine gift | 0-40 | ਗੁਰਮਤਿ ਅਨਹਦ ਸ਼ਬਦ | ੦-੨੫ |
| Dawn of Divine Wisdom | 0-75 | ਸਬਦੁ ਗੁਰ ਪੀਰਾ | ੦-੪੦ |


## ਪਾਠਕਾਂ ਪਾਸ ਬੇਨਤੀਆਂ :–

(੧) ਚਿਠੀ ਪੱਤਰ ਤੇ ਰਕਮ ਭੇਜਣ ਦੇ ਨਾਲ ਆਪਣਾ ਚਿਟ ਨੰਬਰ ਜ਼ਰੂਰ ਭੇਜੋ। ਹਰ ਮਹੀਨੇ ਤੁਹਾਡੇ ਐਡਰੈਸ ਤੋਂ ਪਹਿਲਾਂ ਪਰਚੇ ਉਪਰ ਤੁਹਾਡਾ ਚਿਟ ਨੰਬਰ ਲਿਖਿਆ ਹੁੰਦਾ ਹੈ।

(੨) ਡਾਕਖਾਨੇ ਰਾਹੀਂ ਕਈ ਪਰਚੇ ਗੁੰਮ ਕਰ ਲਏ ਜਾਂਦੇ ਹਨ। ੧੫ ਤਰੀਕ ਤੱਕ ਪਰਚਾ ਨਾ ਪੁਜਣ ਦੀ ਹਾਲਤ ਵਿਚ ਸਾਨੂੰ ਕਾਰਡ ਲਿਖੋ, ਦੁਬਾਰਾ ਪਰਚਾ ਭੇਜ ਦਿਆਂਗੇ ।

(੩) ਚੰਦਾ ਮੁਕਣ ਦੀ ਮੋਹਰ ਪਰਚੇ ਉਪਰ ਵੇਖਣ ਸਾਰ ਹੀ ਰਕਮ ਭੇਜੋ ਜੀ, ਨਹੀਂ ਤਾਂ ਕਟ ਵਧ ਕਰਨੀ ਪੈਂਦੀ ਹੈ।

(੪) ਰਿਸ਼ਤੇ-ਨਾਤਿਆਂ ਦੇ ਫਾਰਮ ਮੰਗਾਣ ਲਈ ਲਫ਼ਾਫ਼ਾ ਪੰਜਾਹ ਪੈਸੇ ਵਾਲਾ ਨਾਲ ਭੇਜੋ ਜੀ ।



www.AKJ.Org

# ਪ੍ਰਭ ਡੋਰੀ ਹਾਥਿ ਤੁਮਾਰੇ

[ਗਿ: ਦੀਦਾਰ ਸਿੰਘ ਜੀ, ਗੁਰਮਤਿ ਪ੍ਰਚਾਰ ਸਭਾ, ਰੂਪ ਨਗਰ]

"ਪ੍ਰਭ ਡੋਰੀ ਹਾਥਿ ਤੁਮਾਰੇ" ਪੰਗਤੀ ਵਾਲਾ ਸ਼ਬਦ ਕੀਰਤਨ ਵਿਚ ਜਦ ਵੀ ਪਿਆਰ ਨਾਲ ਸੁਣਾਇਆ ਜਾਂਦਾ ਹੈ ਤਾਂ ਅਸੀਂ ਬਹੁਤ ਸਾਰੇ ਲੋਕ, ਕੀਰਤਨ ਕਰਨ ਵਾਲੇ ਦੀ ਅਵਾਜ਼ ਨਾਲ ਸੁਰ ਮਿਲਾ ਕੇ ਪੜ੍ਹਨ ਲਗ ਜਾਂਦੇ ਹਾਂ। ਇਹ ਗੱਲ ਬੜੀ ਚੰਗੀ ਹੈ।

ਪਰ ਇਸ ਨਾਲੋਂ ਵੀ ਚੰਗੀ ਗੱਲ ਇਹ ਹੈ ਕਿ ਜੇ ਵੀਚਾਰ ਕਰ ਲਈਏ ਕਿ ਸਾਡੇ ਵਿਚੋਂ ਕਿਸ-ਕਿਸ ਦੀ ਡੋਰੀ ਪ੍ਰਭੂ ਦੇ ਹੱਥ ਹੈ? ਪ੍ਰਭੂ ਦੇ ਹੱਥ ਡੋਰੀ ਹੋਣ ਦਾ ਮਤਲਬ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਪ੍ਰਭੂ-ਗੁਰੂ ਦੇ ਦੱਸੇ ਹੋਏ ਰਾਹ ਤੇ ਤੁਰਨਾ ਜਾਂ ਗੁਰੂ ਦੀ ਆਗਿਆ ਅਨੁਸਾਰ ਚੱਲਣਾ ਆਪਣੀ ਜ਼ਿੰਦਗੀ ਦੀ ਡੋਰ ਗੁਰੂ ਨੂੰ ਪਕੜਾਉਣਾ ਹੁੰਦਾ ਹੈ।

ਭਾਗਾਂ ਵਾਲੇ ਵਿਰਲੇ ਹੀ ਗੁਰੂ ਕੇ ਸਿੱਖ ਹਨ ਜੋ ਆਪਣੀ ਜ਼ਿੰਦਗੀ ਦੀ ਡੋਰ, ਗੁਰੂ ਹੱਥ ਪਕੜਾਉਂਦੇ ਹਨ। ਨਹੀਂ ਤਾਂ ਸਾਡੇ ਵਿਚੋਂ ਕਿਸੇ ਦੀ ਡੋਰੀ ਪੁੱਤਰਾਂ ਦੇ ਹੱਥ ਹੈ, ਕਿਸੇ ਦੀ ਡੋਰੀ ਪਤਨੀ ਹੱਥ। ਜਾਂ ਫਿਰ ਕਿਸੇ ਦੀ ਡੋਰੀ ਹੋਰ ਮਾਇਕ ਪਦਾਰਥਾਂ ਹੱਥ ਹੈ।

ਕਈ ਵਾਰ ਕਈਆਂ ਦੀ ਡੋਰ ਉਨ੍ਹਾਂ ਦੇ ਸੱਜਣਾਂ-ਮਿੱਤਰਾਂ ਦੇ ਹੱਥ ਵੀ ਹੁੰਦੀ ਹੈ, ਜਿਨ੍ਹਾਂ ਦੇ ਕਹੇ-ਕਹਾਏ ਉਹ ਸ਼ਰਾਬ ਆਦਿ ਨਸ਼ੇ ਪੀ ਲੈਂਦੇ ਹਨ ਜਾਂ ਜੂਆ-ਤਾਸ਼ ਆਦਿ ਖੇਡਣ ਦੇ ਗਲਤ ਕੰਮ ਵੀ ਕਰ ਲੈਂਦੇ ਹਨ।

ਇਸ ਤਰ੍ਹਾਂ ਕਈ ਲੋਕ ਆਪਣੇ ਸਾਕ-ਸੰਬੰਧੀਆਂ ਜਾਂ ਸੱਜਣਾਂ-ਮਿੱਤਰਾਂ ਦੇ ਕਹਿਣ ਉਤੇ ਜਾਂ ਆਪਣੇ ਮਨ ਦੀ ਇੱਛਾ ਅਨੁਸਾਰ ਸਿਨੇਮੇ ਜਾ ਕੇ ਉਸ ਵਿਚਲੀਆਂ ਇਸਤ੍ਰੀਆਂ ਦੀਆਂ ਅੱਧ-ਨੰਗੀਆਂ ਤਸਵੀਰਾਂ ਦੇ ਰੰਗ-ਰੂਪ ਅਤੇ ਚੁਹਲ-ਮੁਹਲ ਵੇਖ-ਵੇਖ ਪ੍ਰਸੰਨ ਹੁੰਦੇ ਹਨ।

ਕਬੀਰ ਮਾਨਸ ਜਨਮੁ ਦੁਲੰਭੁ ਹੈ
ਹੋਇ ਨ ਬਾਰੈ ਬਾਰ ॥ (੧੩੬੬)

ਆਦਿ ਅਨੇਕਾਂ ਗੁਰ-ਉਪਦੇਸ਼ਾਂ ਨੂੰ ਭੁਲਾ ਕੇ ਪਿਕਚਰਾਂ ਦੀਆਂ ਝੂਠੀਆਂ ਕਹਾਣੀਆਂ ਨੂੰ ਸੱਚੀਆਂ ਮੰਨ ਕੇ ਬਾਰ-ਬਾਰ ਵੇਖਦੇ ਫਿਰਦੇ ਹਨ, ਪਰ ਇਸ ਦੇ ਉਲਟ ਸੱਚੇ ਗੁਰੂ ਦੀਆਂ ਸੱਚੀਆਂ ਕਹਾਣੀਆਂ (ਸਾਖੀਆਂ), ਸੱਚੀਆਂ ਗੱਲਾਂ (ਬਾਣੀ) ਨਾ ਪੜ੍ਹਦੇ ਹਨ ਤੇ ਨਾ ਸੁਣਦੇ ਹਨ।

ਜਿਹੜੇ ਲੋਕ ਆਪਣੇ ਕੀਮਤੀ ਮਨੁੱਖਾ ਜੀਵਨ ਦਾ ਕੀਮਤੀ ਸਮਾਂ ਘੰਟਿਆਂ-ਬਧੀ ਝੂਠੀਆਂ ਕਹਾਣੀਆਂ ਵਾਲੀਆਂ ਫਿਲਮਾਂ ਵੇਖ-ਵੇਖ ਕੇ, ਉਨ੍ਹਾਂ ਵਿਚਲੇ ਗੰਦੇ ਅਤੇ ਲਚਰ ਕਿਸਮ ਦੇ ਗੀਤ ਸੁਣ-ਸੁਣ ਕੇ, ਬੁਰੇ ਖ਼ਿਆਲਾਂ ਨੂੰ ਮੁੱਲ ਖ਼ਰੀਦਦੇ ਰਹਿੰਦੇ ਹਨ, ਕੀ ਉਹ ਆਪਣੇ ਜੀਵਨ ਦੀ ਡੋਰ ਗੁਰੂ ਨੂੰ ਪਕੜਾ ਸਕਦੇ ਹਨ? ਜਾਂ ਪਕੜਾਉਣਾ ਚਾਹੁੰਦੇ ਹਨ? ਬਿਲਕੁਲ ਨਹੀਂ।

ਦਰ-ਅਸਲ ਇਸ ਤਰ੍ਹਾਂ ਦੇ ਲੋਕਾਂ ਵਿਚੋਂ ਬਹੁਤੇ ਲੋਕ ਸ਼ੁਰੂ ਤੋਂ ਇਸ ਤਰ੍ਹਾਂ ਦੇ ਨਹੀਂ ਹੁੰਦੇ। ਸਗੋਂ ਸਿਨੇਮੇ-ਗਾਣੇ ਵੇਖ-ਵੇਖ, ਸੁਣ-ਸੁਣ ਕੇ ਅਤੇ ਜਾਸੂਸੀ ਨਾਵਲ ਆਦਿ ਗਲਤ ਕਿਸਮ ਦਾ ਲਿਟਰੇਚਰ ਪੜ੍ਹ-ਪੜ੍ਹ ਕੇ ਉਨ੍ਹਾਂ ਦਾ ਭੈੜਾ ਅਸਰ ਬੇਮਲੂਮਾ ਅਤੇ ਛੇਤੀ ਅਪਣਾਇਆ ਜਾਂਦਾ ਹੈ।

ਦੂਜੇ ਪਾਸੇ ਸਾਡਾ ਆਲਾ-ਦੁਆਲਾ ਝੂਠ ਬੋਲਣ ਵਾਲੇ, ਆਪਣਾ ਮਤਲਬ, ਜਾਇਜ਼ ਨਾਜਾਇਜ਼ ਢੰਗ ਨਾਲ ਕੱਢਣ ਵਾਲੇ ਸੁਆਰਥੀ ਅਤੇ ਚਲਾਕ (ਕਪਟੀ) ਲੋਕਾਂ ਨਾਲ ਭਰਿਆ ਹੋਇਆ ਹੈ। ਜਿਸ ਦਾ ਗਲਤ ਅਸਰ ਸਾਧਾਰਨ ਬਿਰਤੀ ਵਾਲੇ ਉਤੇ ਛੇਤੀ ਇਸ ਲਈ ਪੈ ਜਾਂਦਾ ਹੈ ਕਿਉਂਕਿ ਉਹ ਸਤਸੰਗਤ ਬਿਲਕੁਲ ਨਹੀਂ ਕਰਦੇ, ਜੇ ਕਰਦੇ ਹਨ ਤਾਂ ਐਵੇਂ ਨਾਮ-ਮਾਤਰ। ਇਸ ਤਰ੍ਹਾਂ ਇਨ੍ਹਾਂ ਦੀ ਰੁਚੀ ਇਕ-ਪਾਸੜ ਹੋ ਜਾਂਦੀ ਹੈ ਤੇ ਫਿਰ ਇਨ੍ਹਾਂ ਨੂੰ ਕੋਈ ਧਾਰਮਕ ਪੁਸਤਕ, ਕੋਈ ਧਾਰਮਕ ਰਸਾਲਾ, ਕੀਰਤਨ-ਕਥਾ ਅਤੇ ਗੁਰੂ ਦੀਆਂ ਗੱਲਾਂ ਪੜ੍ਹਨੀਆਂ ਸੁਣਨੀਆਂ ਚੰਗੀਆਂ ਹੀ ਨਹੀਂ ਲਗਦੀਆਂ।

ਫਿਰ ਕਈ ਬੰਦੇ ਝੂਠ-ਚਲਾਕੀ, ਹੇਰਾ-ਫੇਰੀ ਅਤੇ ਹੰਕਾਰ ਆਦਿ ਦੇ ਅਫਰੇਵੇਂ ਵਿਚ ਐਸੇ ਮਸਤ (ਖਚਤ)



www.AKJ.Org

ਹੋ ਜਾਂਦੇ ਹਨ ਕਿ ਫਿਰ ਉਨ੍ਹਾਂ ਨੂੰ ਧਾਰਮਕ ਗੱਲਾਂ, ਗੁਰੂ ਦੀਆਂ ਗੱਲਾਂ ਕਰਨੀਆਂ-ਸੁਣਨੀਆਂ ਮਾਨੋ ਬਿਛੂ ਦੇ ਡੰਗ ਮਾਰਨ ਵਰਗੀਆਂ ਲਗਣ ਲਗ ਜਾਂਦੀਆਂ ਹਨ। ਗੁਰਬਾਣੀ ਵਿਚ ਸ਼ਾਇਦ ਇਸ ਤਰ੍ਹਾਂ ਦੇ ਲੋਕਾਂ ਲਈ ਹੀ ਲਿਖਿਆ ਹੋਇਆ ਹੈ :—

ਕੂੜਿ ਕਪਟਿ ਅਹੰਕਾਰਿ ਰੀਝਾਨਾ॥
ਨਾਮੁ ਸੁਨਤ ਜਨੁ ਬਿਛੂਅ ਡਸਾਨਾ॥ (੮੯੨-੯੩)

ਪਰ ਗੁਰੂ ਦੇ ਸਿੱਖ ਅਖਵਾਉਣ ਵਾਲਿਆਂ ਦਾ ਤਾਂ ਫਰਜ਼ ਬਣਦਾ ਹੈ ਕਿ ਉਹ ਗੁਰੂ ਪਾਤਸ਼ਾਹ ਦੇ ਦੱਸੇ ਹੋਏ ਰਾਹ (ਗੁਰਬਾਣੀ) ਅਨੁਸਾਰ ਤੁਰਨ ਦੀ ਤਨੋਂ ਮਨੋਂ ਕੋਸ਼ਸ਼ ਕਰਨ ਅਤੇ ਸਤਸੰਗਤ ਕਰਨ। ਇਸ ਤਰ੍ਹਾਂ ਕੀਤਿਆਂ ਹੀ ਉਹ ਇਕ ਦਿਨ ਆਪਣੇ ਮਨ ਦੀ ਡੋਰੀ ਗੁਰੂ ਨੂੰ ਪਕੜਾ ਸਕਣਗੇ। ਦੂਜੇ ਨਹੀਂ। ਜਾਂ ਫਿਰ ਇਸ ਤਰ੍ਹਾਂ ਕਹਿ ਲਵੋ—ਗੁਰੂ ਦੇ ਦੱਸੇ ਰਾਹ ਉਤੇ ਤੁਰਨ ਵਾਲਿਆਂ ਦੀ ਡੋਰੀ ਗੁਰੂ ਪਾਤਸ਼ਾਹ ਆਪ ਪਕੜ ਲੈਂਦੇ ਹਨ, ਜਿਵੇਂ ਗੁਰੂ ਨਾਨਕ ਪਾਤਸ਼ਾਹ ਜੀ ਨੇ ਭਾਈ ਲਹਿਣਾ ਜੀ ਦੀ ਪਕੜੀ ਸੀ।

ਗੁਰੂ ਜੀ ਦੀ ਦੱਸੀ ਹੋਈ ਜੀਵਨ-ਜਾਚ ਨੂੰ ਤਨੋਂ ਮਨੋਂ ਅਪਣਾਉਣ ਵਾਲੇ ਅੰਤ ਗੁਰੂ ਦਾ ਹੀ ਰੂਪ ਹੋ ਜਾਂਦੇ ਹਨ।

ਅਗਾਂਹ ਵਲ ਤੁਰਦਿਆਂ ਜਦ ਪਿੱਛੇ ਵਲ ਧਿਆਨ ਕਰਨ ਲਗ ਪਈਏ ਤਾਂ ਠੁੱਡੇ ਲਗਦੇ ਹਨ, ਠੋਕਰਾਂ ਵਜਦੀਆਂ ਹਨ। ਕਈ ਵਾਰ ਪਿੱਛੇ ਜ਼ਿਆਦਾ ਧਿਆਨ ਕਰਦਿਆਂ ਮਨੁੱਖ ਡਿੱਗ ਵੀ ਪੈਂਦਾ ਹੈ। ਕੁਝ ਇਸੇ ਤਰ੍ਹਾਂ ਗੁਰੂ-ਘਰ ਵਲ, ਗੁਰੂ ਜੀ ਦੇ ਦਰਸਾਏ ਰਸਤੇ ਉਤੇ ਤੁਰਦਿਆਂ-ਤੁਰਦਿਆਂ, ਪਿੱਛੇ ਪਰਵਾਰ ਵਲ, ਜ਼ਮੀਨ-ਜਾਇਦਾਦ ਜਾਂ ਬਹੁਤਾ ਧਨ ਕਮਾਉਣ ਵਲ ਧਿਆਨ ਜ਼ਿਆਦਾ ਕਰਨ ਲਗ ਪਈਏ ਤਾਂ ਰੁਕਾਵਟਾਂ ਪੈਂਦੀਆਂ ਹਨ, ਅੜਚਣਾਂ ਪੈਂਦੀਆਂ ਹਨ ਤੇ ਤਰੱਕੀ ਰੁਕ ਜਾਂਦਾ ਹੈ। ਇਸ ਤਰ੍ਹਾਂ ਕਈ ਵਾਰ ਗੁਰੂ ਘਰ ਪੁੱਜਣਾ ਔਖਾ ਲਗਣ ਲਗ ਜਾਂਦਾ ਹੈ ਤੇ ਕਈ ਵਾਰ ਗੁਰੂ ਦਾ ਘਰ ਦੂਰ ਵੀ ਪ੍ਰਤੀਤ ਹੋਣ ਲਗ ਪੈਂਦਾ ਹੈ।

ਸੋ ਗੁਰੂ ਦਰਸਾਏ ਰਾਹ ਉਤੇ ਦ੍ਰਿੜ੍ਹਤਾ ਨਾਲ ਤੁਰਦਿਆਂ ਜਿੱਥੇ ਇਹ ਪੰਗਤੀਆਂ ਭਰੋਸੇ ਨਾਲ, ਸਹਿਜ ਵਿਚ ਸਮਝ-ਸਮਝ ਕੇ ਪੜ੍ਹਦਿਆਂ ਰਹਿਣਾ ਚਾਹੀਦਾ ਹੈ :—

ਜੀਅ ਜੰਤ ਤੇਰੇ ਧਾਰੇ॥
ਪ੍ਰਭ ਡੋਰੀ ਹਾਥਿ ਤੇਰੇ ਧਾਰੇ॥

ਉਥੇ ਪਿੱਛੇ ਵਲ ਧਿਆਨ, ਮਾਇਅਕ ਪਦਾਰਥਾਂ ਵਲ ਧਿਆਨ, ਬਹੁਤਾ ਨਹੀਂ ਕਰਨਾ ਚਾਹੀਦਾ।

ਮਾਇਕ ਪਦਾਰਥਾਂ, ਧਨ-ਦੌਲਤ, ਸੁੰਦਰ ਮੰਦਰ, ਭੂਮੀ ਆਦਿ ਸੰਪਤੀ ਅਤੇ ਪੁੱਤਰ, ਧੀਆਂ, ਪਤਨੀ ਆਦਿ ਦੀ ਪਕੜ ਵਿਚ ਫਸ ਕੇ ਪ੍ਰਭੂ ਨਾਲੋਂ ਡੋਰੀ ਟੁਟਦੀ ਹੈ। ਰੰਗਾ-ਰੰਗੀ ਦੇ ਰੰਗ-ਤਮਾਸ਼ਿਆਂ ਅਤੇ ਨਾਟਕਾਂ ਗਾਣਿਆਂ ਆਦਿ ਦੇ ਸੁਣਨ ਵੇਖਣ ਨਾਲ ਅਤੇ ਕਈ ਪ੍ਰਕਾਰ ਦੀਆਂ ਜਿੱਤਾਂ ਜਿਤ ਲੈਣ ਨਾਲ ਪ੍ਰਭੂ ਨਾਲੋਂ ਵਿਥ ਪੈਂਦੀ ਹੈ। ਜਿਥੇ ਵਿਥਾਂ ਪੈਂਦੀਆਂ ਹੋਣ, ਉਥੇ ਡੋਰੀ ਕਿਵੇਂ ਲਗ ਸਕਦੀ ਹੈ। ਇਨ੍ਹਾਂ ਪਦਾਰਥਾਂ ਨੂੰ ਸੁਖ ਦਾ ਸਾਧਨ ਸਮਝ ਕੇ ਇਨ੍ਹਾਂ ਮਗਰ ਭਜਦੇ ਹਾਂ, ਪਰ ਇਨ੍ਹਾਂ ਵਿਚ ਸੁਖ ਹੈ ਨਹੀਂ। ਗੁਰਵਾਕ ਹੈ—

ਸੁਖੁ ਨਾਹੀ ਬਹੁਤੈ ਧਨਿ ਖਾਟੇ॥
ਸੁਖੁ ਨਾਹੀ ਪੇਖੇ ਨਿਰਤਿ ਨਾਟੇ॥
ਸੁਖੁ ਨਾਹੀ ਬਹੁ ਦੇਸ ਕਮਾਏ॥
ਸਰਬ ਸੁਖਾ ਹਰਿ ਹਰਿ ਗੁਣ ਗਾਏ॥੧॥
੨੮॥੪੧॥ ਭੈਰਉ ਮਹਲਾ ੫, ਪੰਨਾ ੧੧੪੭

ਅਤੇ—ਸੁਖੁ ਨਾਹੀ ਰੇ ਹਰਿ ਭਗਤਿ ਬਿਨਾ॥
ਜੀਤਿ ਜਨਮੁ ਇਹੁ ਰਤਨੁ ਅਮੋਲਕੁ
ਸਾਧ ਸੰਗਤਿ ਜਪਿ ਇਕ ਖਿਨਾ॥੧॥ਰਹਾਉ॥
ਗਉੜੀ ਚੇਤੀ ਮ: ੫, ਪੰਨਾ ੨੧੦

ਪ੍ਰਭੂ ਨਾਲੋਂ ਟੁਟ ਕੇ ਇਨ੍ਹਾਂ ਪਦਾਰਥਾਂ ਨੂੰ ਮਾਣਦਿਆਂ ਹੋਇਆਂ ਅੱਖਾਂ ਰੰਗ-ਤਮਾਸ਼ਿਆਂ ਵਿਚ ਗੱਡ ਕੇ, ਕੰਨ ਗੀਤ ਨਾਦ ਤੇ ਨਿੰਦਾ ਉਸਤਤ ਦੇ ਬਚਨ ਸੁਣਨ ਵਿਚ ਲਾ ਕੇ, ਜੀਭਾ ਰਸਾਂ ਦੇ ਸੁਆਦਾਂ ਵਿਚ ਖਚਤ ਕਰ ਕੇ ਅਸੀਂ ਆਪਣੇ ਆਪ ਨੂੰ ਤ੍ਰਿਪਤ ਕਰਨਾ ਚਾਹੁੰਦੇ ਹਾਂ, ਪਰ ਇਨ੍ਹਾਂ ਵਿਚੋਂ ਸੁਖ-ਪ੍ਰਾਪਤੀ ਦੀ ਥਾਂ ਕਈ ਤਰ੍ਹਾਂ ਦੇ ਸਰੀਰਕ ਤੇ ਮਾਨਸਕ ਰੋਗ ਸਹੇੜ ਲੈਂਦੇ ਹਾਂ, ਜਿਨ੍ਹਾਂ ਕਰਕੇ ਦੁਖਾਂ ਵਿਚ ਵੇਹੜੇ ਜਾਂਦੇ ਹਾਂ।


www.AKJ.Org

ਸੋ ਸਹੀ ਅਰਥਾਂ ਵਿਚ ਸੱਚਾ ਸੁਖ ਪ੍ਰਭੂ ਨਾਲ ਡੋਰੀ ਲਾਉਣ ਵਿਚ ਹੀ ਹੈ ਅਤੇ ਉਹੀ ਡੋਰੀ ਤਾਂ ਹੀ ਲਗ ਸਕਦੀ ਹੈ, ਜੇ ਜੀਵ ਇਨ੍ਹਾਂ ਮਾਇਕ ਪਦਾਰਥਾਂ ਦੀ ਪਕੜ ਵਿਚ ਨਾ ਆਵੇ। ਲੋੜ ਅਨੁਸਾਰ ਧੀਆਂ ਪੁਤਰਾਂ, ਪਤਨੀ ਅਤੇ ਹੋਰ ਪਰਵਾਰਕ ਜੀਆਂ ਵਿਚ ਵਿਚਰਦਾ ਹੋਇਆ, ਧਨ ਪਦਾਰਥ ਤੇ ਮਹਿਲ ਮਾੜੀਆਂ ਦੇ ਹੁੰਦਿਆਂ ਹੋਇਆਂ ਵੀ ਇਨ੍ਹਾਂ ਵਿਚ ਖਚਿਤ ਨਾ ਹੋਵੇ, ਸਗੋਂ ਇਨ੍ਹਾਂ ਸਭ ਕਾਸੇ ਵਿਚੋਂ ਲੰਘਦਾ ਹੋਇਆ, ਆਪਣੀ ਸੁਰਤ ਦੀ ਡੋਰੀ ਪ੍ਰਭੂ-ਪਰਮੇਸ਼ਰ ਨਾਲ ਲਾਈ ਰਖੇ। ਜਿਵੇਂ ਗੁਰੂ ਅਮਰਦਾਸ ਜੀ 'ਅਨੰਦੁ' ਬਾਣੀ ਵਿਚ ਫੁਰਮਾਂਦੇ ਹਨ—

ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ
ਤਿਨੀ ਵਿਚੇ ਮਾਇਆ ਪਾਇਆ ॥੨੯॥ (੯੨੧)

ਮਾਇਕ ਪਦਾਰਥਾਂ ਵਿਚੋਂ ਤਾਂ ਹੀ ਉਚਿਆਂ ਰਹਿ ਸਕੀਦਾ ਹੈ, ਜੇ ਇਨ੍ਹਾਂ ਦੀ ਪ੍ਰਾਪਤੀ ਦੀ ਖ਼ਾਤਰ ਦਿਨੇ ਰਾਤ ਕਮਲਿਆਂ ਵਾਂਗ ਨਾ ਨਸਾ ਭਜਾ ਫਿਰੇ ਅਤੇ ਮਨ ਦਾ ਸੰਤੋਖ, ਸ਼ਾਂਤੀ, ਸਮਤੁਲ ਅਵਸਥਾ ਗੁਆ ਕੇ—

ਸਹਸ ਖਟੇ ਲਖ ਕਉ ਉਠਿ ਧਾਵੈ ॥
ਤ੍ਰਿਪਤਿ ਨ ਆਵੈ, ਮਾਇਆ ਪਾਛੈ ਪਾਵੈ ॥
ਗਉੜੀ ਸੁਖਮਨੀ ਮ: ੫, ਪੰਨਾ ੨੭੮-੭੯

ਬਲਕਿ ਇਸ ਤੋਂ ਵੀ ਵਧ ਕੇ ਹਲਕਾਏ ਕੁੱਤੇ ਵਾਂਗ ਮਾਇਆ ਇਕੱਠੀ ਕਰਨ ਖਾਤਰ, ਯੋਗ ਅਯੋਗ ਕਰਮ ਕਰ ਕੇ, ਝੂਠ-ਫ਼ਰੇਬ ਦੇ ਲੜ ਲਗ ਕੇ, ਚਲਾਕੀਆਂ ਤੇ ਧੋਖੇ-ਬਾਜ਼ੀਆਂ ਕਰ ਕੇ, ਵਢੀਆਂ ਤੇ ਰਿਸ਼ਵਤਾਂ ਲੈ ਕੇ ਚਵੀਂ ਪਾਸੀਂ ਭਜਾ ਫਿਰੇ—

ਲੋਭਿ ਗ੍ਰਸਿਓ ਦਸਹੂ ਦਿਸ ਧਾਵਤ,
ਆਸਾ ਲਾਗਿਓ ਧਨ ਕੀ ॥੧॥ਰਹਾਉ॥
ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ,
ਸੇਵ ਕਰਤ ਜਨ ਜਨ ਕੀ ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ,
ਨਹ ਸੁਧ ਰਾਮ ਭਜਨ ਕੀ ॥੧॥
ਆਸਾ ਮਹਲਾ ੯, ਪੰਨਾ ੪੧੧

ਅਜਿਹੀਆਂ ਕਰਤੂਤਾਂ ਕਰਕੇ ਜੀਵ ਪ੍ਰਭੂ-ਪ੍ਰਮਾਤਮਾ ਦਾ ਪਿਆਰਾ ਨਹੀਂ ਹੋ ਸਕਦਾ। ਧਰਮ ਦੀ ਨੇਕ ਕਮਾਈ ਕਰ ਕੇ, ਸੁੱਚੀ ਕਿਰਤ ਵਿਚੋਂ ਜੋ ਪ੍ਰਾਪਤ ਹੋਵੇ, ਉਸ ਵਿਚੋਂ ਵੀ ਲੋੜਵੰਦਾਂ, ਦੁਖੀਆਂ ਦਰਦਵੰਦਾਂ ਨਾਲ ਵੰਡ ਕੇ, ਸਭ ਜੀਆਂ ਉਪਰ ਦਇਆ ਕਰ ਕੇ ਹੀ ਵਾਹਿਗੁਰੂ ਜੀ ਨਾਲ ਜੁੜ ਸਕੀਦਾ ਹੈ ਅਤੇ ਉਸ ਪ੍ਰਭੂ ਜੀ ਨਾਲ ਡੋਰੀ ਲਗ ਸਕਦੀ ਹੈ।

ਸਾਡੇ ਰੋਜ਼ ਦੇ ਸਾਰੇ ਉਦਮ, ਅੰਮ੍ਰਿਤ ਵੇਲੇ ਦੀ ਸੰਭਾਲ, ਸਾਧ ਸੰਗਤ ਵਿਚ ਮਿਲ ਬੈਠਣਾ, ਗੁਰੂ-ਦਰ ਦੀ ਹਾਜ਼ਰੀ ਭਰਨੀ, ਬਾਣੀ ਪੜ੍ਹਨੀ ਅਤੇ ਹਰਿ-ਕੀਰਤਨ ਸੁਣਨਾ ਆਦਿ ਤਾਂ ਹੀ ਲੇਖੇ ਹੈ ਜੇ ਸਾਡਾ ਨਿਤ ਦਾ ਘਰੋਗੀ ਜੀਵਨ, ਕਾਰ ਵਿਹਾਰ, ਦੂਜਿਆਂ ਨਾਲ ਵਰਤੋਂ ਵਿਹਾਰ ਤੇ ਲੈਣ ਦੇਣ ਗੁਰੂ-ਆਸ਼ੇ ਅਨੁਸਾਰ, ਗੁਰਮਤਿ ਅਨੁਸਾਰ ਨਿਰਮਲ ਹੋਵੇਗਾ। ਐਸਾ ਹੋਣ ਨਾਲ ਹੀ ਸਾਡੀ ਲਿਵ, ਸਾਡੀ ਸੁਰਤੀ, ਸਾਡੀ ਡੋਰੀ ਵਾਹਿਗੁਰੂ ਜੀ ਨਾਲ ਲਗ ਸਕੇਗੀ। ਫਿਰ ਇਨ੍ਹਾਂ ਤੁਕਾਂ ਨਾਲ ਸੰਬੰਧਤ ਇਸ ਸਾਰੇ ਸ਼ਬਦ ਦੀ ਇਕ ਇਕ ਤੁਕ ਦੀ ਅਸਲੀਅਤ ਉਘੜ ਉਘੜ ਕੇ ਸਾਡੇ ਸਾਹਮਣੇ ਆਏਗੀ ਅਤੇ ਪ੍ਰਭੂ-ਚਰਨਾਂ ਨਾਲ ਲਗਣ ਦਾ ਰਸ ਮਾਣਿਆ ਜਾਏਗਾ। ਸਾਰਾ ਸ਼ਬਦ ਇਉਂ ਹੈ—

ਸੋਈ ਕਰਾਇ ਜੋ ਤੁਧੁ ਭਾਵੈ ॥
ਮੋਹਿ ਸਿਆਣਪ ਕਛੂ ਨ ਆਵੈ ॥
ਹਮ ਬਾਰਿਕ ਤਉ ਸਰਣਾਈ ॥
ਪ੍ਰਭਿ ਆਪੇ ਪੈਜ ਰਖਾਈ ॥੧॥
ਮੇਰਾ ਮਾਤਾ ਪਿਤਾ ਹਰਿ ਰਾਇਆ ॥
ਕਰਿ ਕਿਰਪਾ ਪ੍ਰਤਿਪਾਲਣ ਲਾਗਾ,
ਕਰੀ ਤੇਰਾ ਕਰਾਇਆ ॥੧॥ਰਹਾਉ॥
ਜੀਅ ਜੰਤ ਤੇਰੇ ਧਾਰੇ ॥
ਪ੍ਰਭ ਡੋਰੀ ਹਾਥਿ ਤੁਮਾਰੇ ॥
ਜਿ ਕਰਾਵੈ ਸੋ ਕਰਣਾ ॥
ਨਾਨਕ ਦਾਸ ਤੇਰੀ ਸਰਣਾ ॥੨॥੭॥੭੧॥
ਸੋਰਠਿ ਮ: ੫, ਪੰਨਾ ੬੨੬-੨੭



www.AKJ.Org

ਬਟਾਲਾ ਦਾ ਸਾਲਾਨਾ ਸਮਾਗਮ 11 ਤੋਂ 14 ਸਤੰਬਰ ਨੂੰ—ਵੇਰਵਾ ਆਉਂਦੇ ਪਰਚੇ ਵਿਚੋਂ

**ਐਤਕੀਂ ਰਿਹਾਇਸ਼ ਤੇ ਸਮਾਗਮ ਅਸਥਾਨ, ਗੁਰਦੁਆਰਾ ਸਤਿ ਕਰਤਾਰੀਆਂ ਸਬਜ਼ੀ ਮੰਡੀ ਲਾਗੇ।**

---

## ਦਿਆਲਪੁਰ ਸਮਾਗਮ ੧ ਅਕਤੂਬਰ ਨੂੰ—ਵੇਰਵਾ ਆਉਂਦੇ ਪਰਚੇ ਵਿਚ

---

## ਹਰਦਵਾਰ ਵਿਖੇ ੧੬ ਤੋਂ ੧੮ ਸਤੰਬਰ ਕੀਰਤਨ ਪ੍ਰੋਗਰਾਮ ਤੇ ਸ੍ਰੀ ਹੇਮਕੁੰਟ ਯਾਤਰਾ

ਯਾਤਰਾ ਦੇ ਚਾਹਵਾਨ ਚਿਠੀ ਪੱਤਰ ਕਰਨ—ਭਾ: ਕੁੰਦਨ ਸਿੰਘ ਸੋਖੀ, ੨੬੯ iii/v-B., B.H.E.L, ਹਰਦਵਾਰ

**ਪ੍ਰੋਗਰਾਮ ਦਾ ਵੇਰਵਾ ਆਉਂਦੇ ਪਰਚੇ ਵਿਚ**

---

# ਬਿਸਰਾਮਪੁਰ (ਸਰਗੁਜਾ) ਵਿਖੇ ਕੀਰਤਨ ਸਮਾਗਮ

੧੨ ਅਗਸਤ ਸਵੇਰੇ ੫ ਤੋਂ ੧੨ ਅਖੰਡ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਬਿਸਰਾਮਪੁਰ

ਸ਼ਾਮ ੬ ਤੋਂ ੯ ਸੋਦਰ ਦੀ ਚੌਕੀ ਤੇ ਅਖੰਡ ਕੀਰਤਨ ਸ: ਜਸਵੰਤ ਸਿੰਘ ਦੇ ਗ੍ਰਿਹ ਵਿਖੇ

੧੩ ਅਗਸਤ ਸਵੇਰ ੫ ਤੋਂ ੧੨ ਅਖੰਡ ਕੀਰਤਨ ਸ: ਹਰਜੀਤ ਸਿੰਘ ਦੇ ਗ੍ਰਿਹ ਵਿਖੇ

ਸ਼ਾਮ ਸੋਦਰ ਦੀ ਚੌਕੀ ਤੋਂ ਉਪਰੰਤ ਰੈਣ ਸਬਾਈ ਕੀਰਤਨ, ਐਤਵਾਰ ਸਵੇਰੇ ੫ ਵਜੇ ਤਕ

ਨੋਟ—ਨਜ਼ਾਮੁਦੀਨ ਸਟੇਸ਼ਨ ਤੋਂ ਬਿਸਰਾਮਪੁਰ ਦਾ ਡਬਾ ੧੧-੫੫ ਦਿਨੇ ਬੁਧਵਾਰ ਉਤਕਲ ਐਕਸਪ੍ਰੈਸ ਨਾਲ ਲਗਦਾ ਹੈ।

ਪੁਛ ਗਿਛ—ਕਵਾਲਟੀ ਸਟੋਰ, ਬਿਸਰਾਮਪੁਰ   ਦਾਸਰੇ—ਅਖੰਡ ਕੀਰਤਨੀ ਜਥਾ ਬਿਸਰਾਮਪੁਰ ਜ਼ਿਲਾ ਸਰਗੁਜਾ (ਮਧ ਪ੍ਰ:)

# ਖੈੜਾ ਦੋਨਾ (ਕਪੂਰਥਲਾ) ਵਿਖੇ ਸਾਲਾਨਾ ਸਮਾਗਮ

ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ ਅਵਤਾਰ ਪੁਰਬ ਦੇ ਸੰਬੰਧ ਵਿਚ ਹਰ ਸਾਲ ਵਾਂਗ ਦਾਸਾਂ ਦੇ ਗ੍ਰਿਹ ਵਿਖੇ ਪ੍ਰੋਗਰਾਮ ਹੋ ਰਹੇ ਹਨ। ਸਰਬੱਤ ਗੁਰਸਿਖ ਵੀਰ ਭੈਣਾਂ ਦਰਸ਼ਨ ਦੇ ਕੇ ਨਿਵਾਜੋ ਜੀ।

੫ ਅਗਸਤ ਸ਼ੁਕਰਵਾਰ ਸਵੇਰੇ ੬ ਵਜੇ ਅਰੰਭ ਸ੍ਰੀ ਅਖੰਡਪਾਠ

੭ ਅਗਸਤ ਐਤਵਾਰ ਸਵੇਰੇ ੬ ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ੧੨ ਵਜੇ ਤਕ ਅਖੰਡ ਕੀਰਤਨ, ਉਪਰੰਤ ਲੰਗਰ

ਨੋਟ—ਖੈੜਾ ਦੋਨਾ ਵਾਸਤੇ ਕਪੂਰਥਲਾ ਬਸ ਅੱਡੇ ਤੋਂ ਅੱਧੇ ਅੱਧੇ ਘਟ ਬਾਅਦ ਬਸਾਂ ਮਿਲਦੀਆਂ ਹਨ। ਖੈੜਾ ਦੋਨਾ ਤੋਂ ਸੁਲਤਾਨਪੁਰ ਲੋਧੀ ਕੇਵਲ ੫ ਮੀਲ ਹੈ। ਗੁਰ-ਅਸਥਾਨਾਂ ਦੇ ਦਰਸ਼ਨ ਦੀਦਾਰ ਅਤੇ ਕੀਰਤਨ ਸਮਾਗਮ ਦੇ ਅਨੰਦ ਆਇ ਮਾਣੋ ਜੀ।

ਪ੍ਰਾਰਥਕ ਦਾਸਰੇ—ਤਾਰਾ ਸਿੰਘ ਪੰਜੋਖਰਾ ਸਾਹਿਬ, ਉਪਦੇਸ਼ ਕੌਰ ਨਾਰੰਗਵਾਲ

# ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਸ੍ਰੀ ਅਖੰਡਪਾਠ ਤੇ ਕੀਰਤਨ ਸਮਾਗਮ

ਭਾਈ ਗੁਰਨਾਮ ਸਿੰਘ ਜੀ ਰੈਡਿੰਗ ਤੋਂ ਸੂਚਨਾ ਭੇਜਦੇ ਹਨ ਕਿ—

(੧) ਲੋਕਲ ਪ੍ਰੋਗਰਾਮ—ਸ੍ਰੀ ਅਖੰਡਪਾਠ ੧੨ ਤੋਂ ੧੪ ਅਗਸਤ ੧੯੮੩, ਭੋਗ ਉਪਰੰਤ ਕੀਰਤਨ, ਭਾਈ ਸੋਹਨ ਸਿੰਘ ਜੀ ਦੇ ਗ੍ਰਿਹ ਵਿਖੇ 218-wexham Road, Slough, Berks, ਫੋਨ : 0753-30624

(੨) ਰੈਣ ਸਬਾਈ ਕੀਰਤਨ—ਗੁਰੂ ਨਾਨਕ ਗੁਰਦਵ ਰਾ (ਸਿਖ ਟੈਂਪਲ) ਪ੍ਰਾਸਪੈਕਟਸ ਸਟਰੀਟ (ਨਿਉ ਫ਼ਾਇਰ ਸਟੇਸ਼ਨ)
Hudder's Field, ਫੋਨ : ਗੁਰਦੁਆਰਾ 0484-23773
ਪੁਛ ਗਿਛ—ਭਾਈ ਗੁਰਦੇਵ ਸਿੰਘ ਗਿਲ ਅਤੇ ਭਾਈ ਦੀਦ ਸਿੰਘ ਜੀ ਫੋਨ : 0484-24311

(੩) ਰੇਲ ਗੱਡੀ ਅਤੇ ਬਸ ਹਾਦਸੇ ਨਾਲ ਸ਼ਹੀਦ ਹੋਏ ਸਿੰਘਾਂ ਪ੍ਰਥਾਇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ
ਸ੍ਰੀ ਅਖੰਡਪਾਠ ੮ ਸਤੰਬਰ ਅਰੰਭ ਅਤੇ ੧੦ ਸਤੰਬਰ ਸ਼ਨੀਵਾਰ ੮ ਵਜੇ ਭੋਗ
ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ੧੦ ਸਤੰਬਰ ਸ਼ਨੀਵਾਰ ਦੀ ਰਾਤ ਨੂੰ
ਗੁਰਦਵਾਰਾ ਗੁਰੂ ਨਾਨਕ (ਸਿਖ ਟੈਂਪਲ) walsale-west Midland, ਫੋਨ ਗੁਰਦਵਾਰਾ 0922-22199
ਪੁਛ ਗਿਛ—ਭਾਈ ਬਲਬੀਰ ਸਿੰਘ ਮਹਿੰਦਰ ਸਿੰਘ ਜੀ, ਫੋਨ : 0922-58444

---

## ਕਿਲ੍ਹਾ ਮੁਬਾਰਕ ਬਠਿੰਡਾ ਵਿਖੇ ਰੈਣ ਸਬਾਈ ਕੀਰਤਨ

ਅਖੰਡ ਕੀਰਤਨੀ ਜਥਾ ਬਠਿੰਡਾ ਵਲੋਂ ੨੭ ਅਗਸਤ ਸ਼ਨੀਵਾਰ ਦੀ ਰਾਤ ਨੂੰ ਸ਼ਹੀਦਾਂ ਦੀ ਯਾਦ ਵਿਚ ਕੀਰਤਨ ਹੋ ਰਹੇ ਹਨ। ਆਇ ਜੁੜੋ ਜੀ।

www.AKJ.Org

# ਅੰਬਾਲਾ ਸ਼ਹਿਰ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

੧੯੪੭ ਦੇ ਬਟਵਾਰੇ ਸਮੇਂ ਦੇ ਸ਼ਹੀਦਾਂ ਦੀ ਯਾਦ ਵਿਚ ਹਰ ਸਾਲ ਵਾਂਗ ਗੁ: ਮੰਜੀ ਸਾਹਿਬ ਅੰਬਾਲਾ ਸ਼ਹਿਰ ਵਿਖੇ ੧੨ ਅਗਸਤ ਸ਼ੁਕਰਵਾਰ ਸਵੇਰ ਤੋਂ ੧੫ ਅਗਸਤ ਐਤਵਾਰ ਸਵੇਰ ਤੱਕ ਅਖੰਡ ਕੀਰਤਨ ਸਮਾਗਮ ਹੋ ਰਹੇ ਹਨ। ਪਰਵਾਰਾਂ ਸਹਿਤ ਇਸ ਪ੍ਰੋਗਰਾਮ ਵਿਚ ਪੁਜ ਕੇ ਲਾਹੇ ਪ੍ਰਾਪਤ ਕਰੋ ਜੀ —

੧੨ ਅਗਸਤ ਸਵੇਰੇ ੪-੩੦ ਤੋਂ ੯-੩੦ ਭੋਗ ਸ੍ਰੀ ਅਖੰਡ ਪਾਠ ਤੇ ਅਖੰਡ ਕੀਰਤਨ — ਭਾ: ਅਵਤਾਰ ਸਿੰਘ ੨੮੩ ਪ੍ਰੇਮ ਨਗਰ
ਸ਼ਾਮ ੭-੦੦ ਤੋਂ ੯-੦੦ ਸੋਦਰ ਦੀ ਚੌਕੀ ਗੁ: ਸੀਸ ਗੰਜ ਸਾਹਿਬ ਪਾ: ੯ ਅੰਬਾਲਾ ਸ਼ਹਿਰ
੧੩ ,, ਸਵੇਰੇ ੫-੦੦ ਤੋਂ ੧੨-੦੦ ਆਸਾ ਦੀ ਵਾਰ ਤੇ ਅਖੰਡ ਕੀਰਤਨ ਗੁ: ਮੰਜੀ ਸਾਹਿਬ ਪਾ: ੬
ਸ਼ਾਮ ੭-੦੦ ਤੋਂ ੯-੦੦ ਸੋਦਰ ਦੀ ਚੌਕੀ ਗੁ: ਗੋਬਿੰਦਪੁਰਾ ਪਾ: ੧੦ ਅੰਬਾਲਾ ਸ਼ਹਿਰ
੧੪ ,, ਸਵੇਰੇ ੫-੦੦ ਤੋਂ ੧੨-੦੦ ਆਸਾ ਦੀ ਵਾਰ ਤੇ ਅਖੰਡ ਕੀਰਤਨ ਗੁ: ਮੰਜੀ ਸਾਹਿਬ ਪਾ: ੬
ਸ਼ਾਮ ੮-੦੦ ਅਰੰਭ ਰੈਣ ਸਬਾਈ ਗੁ: ਮੰਜੀ ਸਾਹਿਬ, ੧੫ ਅਗਸਤ ਸਵੇਰ ਵੇਲੇ ਸਮਾਪਤੀ

ਅੰਮ੍ਰਿਤ ਸੰਚਾਰ ੧੪ ਅਗਸਤ ਸ਼ਾਮ ਨੂੰ ੬ ਵਜੇ ਗੁ; ਮੰਜੀ ਸਾਹਿਬ ਵਿਖੇ ਹੋਵੇਗਾ।

ਨੋਟ—ਰਿਹਾਇਸ਼ ਦਾ ਪਰਬੰਧ ਗੁਰੂ ਹਰਿ ਗੋਬਿੰਦ ਸਾਹਿਬ ਹਾਈ ਸਕੂਲ ਮੰਜੀ ਸਾਹਿਬ ਅੰਬਾਲਾ ਸ਼ਹਿਰ ਵਿਖੇ।

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ ਅੰਬਾਲਾ ਛਾਉਣੀ

# ਮੇਰਠ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਦਿਲੀ ਅਖੰਡ ਕੀਰਤਨੀ ਜਥੇ ਦੇ ਸਹਿਯੋਗ ਨਾਲ ਮੇਰਠ ਵਿਖੇ ਸਾਲਾਨਾ ਕੀਰਤਨ ਸਮਾਗਮ ੨੯ ਅਗਸਤ ਸੋਮਵਾਰ ਸਵੇਰ ਤੋਂ ੩੧ ਅਗਸਤ ਬੁਧਵਾਰ ਸਵੇਰ ਤੱਕ ਹੋ ਰਹੇ ਹਨ। ਪੁਜ ਕੇ ਲਾਹੇ ਪ੍ਰਾਪਤ ਕਰੋ ਜੀ।

੨੯ ਅਗਸਤ ਸਵੇਰੇ ੪-੦੦ ਤੋਂ ੧੦-੦੦ ਆਸਾ ਦੀ ਵਾਰ ਗੁਰਦੁਆਰਾ ਕਲਗੀਧਰ ਲਾਲ ਕੁੜਤੀ ਮੇਰਠ
ਸ਼ਾਮ ੭-੩੦ ਤੋਂ ੯-੩੦ ਸੋਦਰ ਦੀ ਚੌਕੀ ਗੁ: ਸਤਿਸੰਗ ਸਦਰ ਬਜ਼ਾਰ ਮੇਰਠ
੩੦ ਅਗਸਤ ਸਵੇਰੇ ੬-੦੦ ਤੋਂ ੧੨-੦੦ ਆਸਾ ਦੀ ਵਾਰ ਤੇ ਅਖੰਡ ਕੀਰਤਨ ਗੁ: ਭਾ: ਜੋਗਾ ਸਿੰਘ ਜੀ ਦੇਵਪੁਰੀ ਮੇਰਠ
ਰਾਤ ਰੈਣ ਸਬਾਈ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਥਾਪਰ ਨਗਰ, ੩੧ ਅਗਸਤ ਸਵੇਰੇ ਸਮਾਪਤੀ

ਰਿਹਾਇਸ਼ ਗੁ: ਸ੍ਰੀ ਗੁਰ ਸਿੰਘ ਸਭਾ ਥਾਪਰ ਨਗਰ (ਨੇੜੇ ਰੋਡਵੇਜ਼ ਬੱਸ ਸਟੈਂਡ) ਮੇਰਠ ਵਿਖੇ।

ਪੁਛਗਿਛ—ਗੁਜਰਾਤੀ ਏਜੰਸੀ ਕੈਂਟ ਹਸਪਤਾਲ ਦੇ ਸਾਹਮਣੇ ਦਾਸਰੇ—ਅਖੰਡ ਕੀਰਤਨੀ ਜਥਾ, ਮੇਰਠ

# ਚੰਡੀਗੜ੍ਹ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਉਤਸ਼ਵ ਸਮਾਗਮ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਉਤਸ਼ਵ ਦੇ ਸੰਬੰਧ ਵਿਚ ਕੀਰਤਨ ਸਮਾਗਮ ਗੁਰਦੁਆਰਾ ਸਾਹਿਬ, ਸੈਕਟਰ ੧੯-ਬੀ ਚੰਡੀਗੜ੍ਹ ਵਿਖੇ ੮ ਸਤੰਬਰ ਵੀਰਵਾਰ ਸਵੇਰ ਤੋਂ ੧੧ ਸਤੰਬਰ ਐਤਵਾਰ ਸਵੇਰ ਤੱਕ ਹੋ ਰਹੇ ਹਨ। ਰੈਣ ਸਬਾਈ ਦੇ ਭੋਗ ਪਿਛੋਂ ਇਰਦ ਗਿਰਦ ਦੇ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਬੱਸਾਂ ਰਾਹੀਂ ਕੀਤੇ ਜਾਣਗੇ।

੮ ਸਤੰਬਰ ਸਵੇਰੇ ੬ ਵਜੇ ਅਰੰਭ ਸ੍ਰੀ ਅਖੰਡ ਪਾਠ — ਸ਼ਾਮ ੭ ਤੋਂ ੯ ਸੋਦਰ ਦੀ ਚੌਕੀ
੯ ਸਤੰਬਰ ਸਵੇਰੇ ੫ ਤੋਂ ੧੧ ਆਸਾ ਦੀ ਵਾਰ ਤੇ ਅਖੰਡ ਕੀਰਤਨ — ਸ਼ਾਮ ੭ ਤੋਂ ੯ ਸੋਦਰ ਦੀ ਚੌਕੀ
੧੦ ਸਤੰਬਰ ਸਵੇਰੇ ੫ ਤੋਂ ੧ ਵਜੇ ਦੁਪਹਿਰ ਤਕ ਭੋਗ ਸ੍ਰੀ ਅਖੰਡਪਾਠ ਤੇ ਕੀਰਤਨ, ਸ਼ਾਮ ੭ ਵਜੇ ਅਰੰਭ ਰੈਣ ਸਬਾਈ ਕੀਰਤਨ
ਅੰਮ੍ਰਿਤ ਸੰਚਾਰ ੧੦ ਸਤੰਬਰ ਸ਼ਾਮ ੫ ਵਜੇ — ਸਮਾਪਤੀ ੧੧ ਸਤੰਬਰ ਸਵੇਰੇ

ਲੰਗਰ ਰਿਹਾਇਸ਼ ਤੇ ਕੀਰਤਨ ਸਮਾਗਮ ਗੁਰਦੁਆਰਾ ਸਾਹਿਬ ਸੈਕਟਰ ੧੯-ਡੀ ਵਿਖੇ ਹੋਣਗੇ।

ਪੁਛਗਿਛ—ਮਹਿੰਦਰ ਸਿੰਘ, ਫਲੈਟ ੧੬੧੪-ਸੀ. ਸੈਕਟਰ ੩੮ ਡੀ —ਪ੍ਰਾਰਥਕ ਦਾਸਰੇ, ਅਖੰਡ ਕੀਰਤਨੀ ਜਥਾ, ਚੰਡੀਗੜ੍ਹ

# ਸ਼ਹੀਦਾਂ ਦੀ ਯਾਦ ਵਿਚ ਮਾਸਿਕ ਰੈਣ ਸਬਾਈ ਸ੍ਰੀ ਅੰਮ੍ਰਿਤਸਰ

੧੯੭੮ ਦੀ ਵੈਸਾਖੀ ਤੋਂ ਅੱਜ ਤੱਕ ਦੇ ਸ਼ਹੀਦਾਂ ਦੀ ਯਾਦ ਵਿਚ ਰੈਣ ਸਬਾਈ ਕੀਰਤਨ ੨੦ ਅਗਸਤ ਸ਼ਨੀਵਾਰ ਦੀ ਰਾਤ ਨੂੰ ਗੁ: ਮੰਜੀ ਸਾਹਿਬ ਦੀਵਾਨ ਹਾਲ ਅਸਥਾਨ ਸ੍ਰੀ ਅੰਮ੍ਰਿਤਸਰ ਵਿਖੇ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

www.AKJ.Org